# ਮੈਂ ਅਤੇ ਮੇਰਾ ਸਮਾਂ

## ਭਗਵੰਤ ਰਸੂਲਪੁਰੀ

ਮੇਰਾ ਸਮਾਂ ਉਹ ਨਹੀਂ ਜਿਹੜਾ ਮੇਰੇ ਪਿਓ ਦਾ ਰਿਹਾ ਏ। ਜਿਹੜਾ ਸਮਾਂ ਮੇਰੇ ਪਿਓ ਦਾ ਰਿਹਾ ਏ, ਉਹ ਮੇਰੇ ਬਾਬੇ ਦਾ ਜਾਂ ਨਾਨੇ ਦਾ ਵੀ ਨਹੀਂ ਅਤੇ ਜਿਹੜਾ ਸਮਾਂ ਮੈਂ ਵੇਖਿਆ ਜਾਂ ਬਹੁਤ ਨੇੜੇ ਹੋ ਕੇ ਹੰਢਾਇਆ। ਉਹ ਸਮਾਂ ਮੇਰੇ ਬੇਟੇ ਦਾ ਵੀ ਨਹੀਂ ਹੋਵੇਗਾ। ਸਮਾਂ ਤਾਂ ਬਦਲਦਾ ਰਹਿੰਦਾ ਏ। ਸਮੇਂ ਨਾਲ ਸਮਾਜ ਵੀ ਬਦਲਦਾ ਰਹਿੰਦਾ ਏ। ਬਦਲ ਰਿਹਾ ਸਮਾਜ ਜੋ ਇਕ ਲੇਖਕ ਵੇਖਦਾ ਏ, ਮਹਿਸੂਸ ਕਰਦਾ ਏ ਜਾਂ ਕਲਪਨਾ 'ਚ ਚਿਤਵਦਾ ਏ। ਉਹ ਉਹਦੀ ਰਚਨਾ ਦਾ ਅਧਾਰ ਹੁੰਦਾ ਏ। ਪਹਿਲੀ, ਦੂਜੀ ਅਤੇ ਤੀਜੀ ਪੀੜ੍ਹੀ ਦੇ ਕਥਾਕਾਰਾਂ ਨੇ ਜਿਹੜਾ ਸਮਾਂ ਵੇਖਿਆ ਏ। ਉਸ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ। ਮੇਰੇ ਸਮੇਤ ਚੌਥੀ ਪੀੜ੍ਹੀ ਦੇ ਕਥਾਕਾਰਾਂ ਨੇ ਜਿਹੜਾ ਸਮਾਂ ਵੇਖਿਆ ਹੋਇਆ ਏ। ਉਹ ਪੇਸ਼ ਕਰ ਰਹੇ ਨੇ। ਹਰ ਖਿੱਤੇ ਦਾ ਭੂਗੋਲ ਹੁੰਦਾ ਏ। ਉੱਥੋਂ ਦਾ ਇਤਿਹਾਸ ਹੁੰਦਾ ਏ। ਮਿੱਥਿਹਾਸ ਹੁੰਦਾ ਏ। ਇਕ ਕਲਚਰ ਹੁੰਦਾ ਏ। ਓਸ ਕਲਚਰ ਦੀਆਂ ਵੱਖ ਵੱਖ ਵੰਨਗੀਆਂ ਹੁੰਦੀਆਂ ਨੇ। ਜੋ ਬੰਦੇ ਦਾ ਸੁਭਾ, ਚ੍ਰਿਤਰ ਘੜਦੀਆਂ ਨੇ। ਉਸ ਤੋਂ ਅੱਗੇ ਜਿਸ ਖਿੱਤੇ ਵਿਚ ਲੇਖਕ ਦਾ ਜਨਮ ਹੁੰਦਾ ਏ। ਜਿਸ ਇਲਾਕੇ ਵਿਚ ਲੇਖਕ ਦਾ ਜਨਮ ਹੁੰਦਾ ਏ। ਉਹ ਉਸ ਖਿੱਤੇ ਅਤੇ ਇਲਾਕੇ ਨੂੰ ਆਪਣੀ ਕਹਾਣੀ ਵਿਚ ਲੈ ਕੇ ਆਉਂਦਾ ਏ। ਸਾਡਾ ਸਮਾਜ ਜਾਤਾਂ ਵਿਚ ਵੰਡਿਆ ਹੋਇਆ ਏ। ਉਨ੍ਹਾਂ ਦੇ ਆਪਣੇ ਆਪਣੇ ਕੰਮ ਧੰਦੇ ਨੇ। ਕਾਰੋਬਾਰ ਨੇ। ਸਮਾਜਕ ਰਹੁ ਰੀਤਾ ਨੇ। ਸਮਾਜਕ ਪ੍ਰਬੰਧ ਨੇ। ਆਰਥਿਕਤਾ ਏ। ਹਰ ਧਰਮ ਦਾ ਇਤਿਹਾਸ ਏ। ਇਹ ਸਾਰਾ ਕੁਝ ਉਸ ਸਮਾਜ 'ਚੋਂ ਉਪਜੇ ਲੇਖਕ ਦੀ ਕਥਾਕਾਰੀ ਵਿਚ ਆਉਂਦਾ ਜਾਂਦਾ ਏ। ਜਿਸ ਲੇਖਕ ਦੀਆਂ ਲਿਖਤਾਂ ਵਿਚੋਂ ਉਸ ਦਾ ਸਮਾਂ, ਸਮਾਜ ਨਹੀਂ ਦਿਸਦਾ, ਉਹਦੀ ਲਿਖਤ ਫਿੱਕੀ ਹੁੰਦੀ ਏ। ਜਿਵੇਂ ਮਿਸਤਰੀ ਘੋਟਣਾ ਘੜਦਾ ਏ। ਉਂਝ ਹੀ ਕਥਾਕਾਰ ਆਪਣੀ ਕਥਾਕਾਰੀ ਘੜਦਾ ਏ। ਉਹਦੇ ਅਵਚੇਤਨ ਵਿਚ ਉਹਦੇ ਪੁਰਖਿਆ ਦੇ ਕਲਚਰ ਦੀਆਂ ਜੜ੍ਹਾਂ ਹੁੰਦੀਆਂ ਨੇ। ਕਲਚਰ ਵਿਹੂਣੀ ਕਥਾਕਾਰੀ ਪਾਠਕਾਂ ਦੇ ਅੰਦਰ ਉਤਰਦੀ ਨਹੀਂ ਏ। ਪਾਠਕ ਨੂੰ ਲੱਗਦਾ ਏ ਇਸ ਲਿਖਤ ਦੀ ਮੌਲਿਕਤਾ ਅਤੇ ਗੋਦਕਾਰੀ ਆਪਣੇ ਆਪ ਸਹਿਜ ਗਤੀ ਨਾਲ ਨਹੀਂ ਆਈ, ਬਲਕਿ ਉਹ ਘੜੀ ਹੋਈ ਏ। ਜਿਨ੍ਹਾਂ ਨੂੰ ਆਪਾਂ ਕਹਿ ਦਿੰਦੇ ਆ ਬਈ ਫਲਾਨਾ ਕਥਾਕਾਰ ਤਾਂ ਹੁਣ ਕਹਾਣੀਆਂ ਘੜਨ ਲੱਗ ਪਿਆ ਏ। ਫਲਾਨਾ ਨਾਵਲ ਘੜਨ ਲੱਗ ਪਿਆ ਏ। ਮੈਂ ਆਪਣੇ ਸਮੇਂ ਦੀ ਗੱਲ ਕਰਾਂਗਾ ਅਤੇ ਅੱਗੇ ਉਹ ਗੱਲ ਵੀ ਕਰਾਂਗਾ ਕਿ ਜਿਹੜਾ ਸਮਾਂ ਮੈਂ ਆਪਣੇ ਵਡੇਰੇ ਬਜ਼ੁਰਗਾ ਤੋਂ ਸੁਣ ਕੇ ਵੇਖਿਆ ਏ। ਉਨ੍ਹਾਂ ਦੀਆਂ ਅੱਖਾਂ ਰਾਹੀਂ ਵੇਖਿਆ ਅਤੇ ਜਿਸ ਸਮੇਂ ਨੂੰ ਮੈਂ ਆਪਣੇ ਮਨ ਵਿਚ ਪੁਨਰ ਸਿਰਜਤ ਕੀਤਾ ਏ।

ਮੈਂ ਦੁਆਬੇ ਦੇ ਦਲਿਤ ਕਹਿ ਲਓ ਚਮਾਰਾਂ ਦੇ ਘਰਾਂ ਵਿਚ ਜੰਮਿਆ ਹਾਂ। ਮੇਰੇ ਪਿਓ ਦਾ ਦਾਦਕਾ ਪਰਿਵਾਰ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਦਿਹਾੜੀਆਂ ਕਰਦਾ ਰਿਹਾ ਏ। ਉਸ ਵੇਲੇ ਸੀਰੀ ਦਾ ਕੰਮ ਸਾਡੇ ਇਲਾਕੇ ਵਿਚ ਨਹੀਂ ਸੀ ਹੁੰਦਾ। ਦਲਿਤ ਕਾਮੇ ਖੇਤਾਂ ਵਿਚ ਦਿਹਾੜੀ ਕਰਦੇ ਸਨ। ਮੇਰਾ ਬਾਬਾ ਅਤੇ ਪਿਓ, ਉਸ ਦੇ ਭਰਾ, ਮੇਰੇ ਬਾਬੇ ਦੇ ਭਰਾ ਸਾਰੇ ਖੇਤਾਂ ਵਿਚ ਦਿਹਾੜੀਆਂ ਕਰਦੇ ਸਨ। ਵਾਢੀ ਵੇਲੇ ਕਣਕ ਵੱਢ ਲੈਂਦੇ ਸਨ। ਕਹਿ ਲਓ ਬਹੁਤ ਗਰੀਬੀ ਰਹੀ। ਮਸਾਂ ਹੀ ਗੁਜਾਰਾ ਹੁੰਦਾ। ਜੋ ਕਮਾਉਂਦੇ, ਉਹ ਖਾ ਲੈਂਦੇ ਸਨ। ਕੱਚੇ ਘਰ ਹੁੰਦੇ ਸਨ। ਪਰ ਮੈਂ ਉਥੇ ਰਿਹਾ ਨਹੀਂ ਸਾਂ। ਮੈਂ ਕੇਵਲ ਸੁਣਦਾ ਹੁੰਦਾ ਸਾਂ ਜਾਂ ਕਦੇ ਕਦੇ ਵੇਖ ਵੀ ਲੈਂਦਾ ਸਾਂ। ਮੇਰਾ ਪਿਓ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕੰਮ ਕਰਦਾ ਰਿਹਾ ਸੀ। ਮੇਰੀ ਮਾਂ ਖੇਤਾਂ ਵਿਚ ਦਿਹਾੜੀਆਂ ਕਰਦੀ ਰਹੀ ਸੀ। ਬਾਅਦ ਵਿਚ ਉਹ ਕੱਪੜੇ ਸੀਂਉਣ ਦਾ ਕੰਮ ਕਰਨ ਲੱਗ ਪਈ ਅਤੇ ਪਿਓ ਰਾਜ ਮਿਸਤਰੀਆਂ ਨਾਲ ਦਿਹਾੜੀ 'ਤੇ ਜਾਣ ਲੱਗ ਪਿਆ ਸੀ। ਮੈਂ ਬਚਪਨ ਤੋਂ ਨਾਨਕੇ ਪਿੰਡ ਰਿਹਾਂ ਸਾਂ। ਮੇਰਾ ਨਾਨਕਾ ਪਰਿਵਾਰ ਦਾ ਹੱਥ ਸੌਖਾ ਰਿਹਾ ਏ। ਉਨ੍ਹਾਂ ਦੀ ਆਪਣੀ ਜ਼ਮੀਨ ਵੀ ਸੀ। ਉਹ ਬੂਟਾਂ ਮੰਡੀ ਚਮੜੇ ਦੀ ਆੜ੍ਹਤ ਦਾ ਕੰਮ ਵੀ ਕਰਦੇ ਰਹੇ ਸਨ। ਇਕ ਵੱਖਰੀ ਤਰ੍ਹਾਂ ਦਾ ਅਨੁਭਵ ਸੀ। ਨਾਨਕਾ ਪਰਿਵਾਰ ਬਹੁਤ ਵੱਡਾ ਪਰਿਵਾਰ ਸੀ। ਨਾਨੇ ਹੁਣੀਂ ਸੱਤ ਭਰਾ ਸਨ। ਅੱਗੋਂ ਉਨ੍ਹਾਂ ਦਾ ਨਿਆਣੇ ਸਨ... ਅੱਗੋਂ ਫੇਰ ਉਨ੍ਹਾਂ ਦੇ ਨਿਆਣੇ.... ਤਕਰੀਬਨ ਅੱਧਾ ਪਿੰਡ ਸਾਡੇ ਨਾਨਕੇ ਪਰਿਵਾਰ ਦਾ ਸੀ।

ਤਿੰਨ-ਚਾਰ ਪੀੜ੍ਹੀਆਂ ਮੇਰੇ ਅੱਗੇ ਇਕੋਂ ਸਮੇਂ ਵਿਚਰ ਰਹੀਆਂ ਸਨ। ਪਹਿਲਾਂ ਪਹਿਲਾਂ ਉਨ੍ਹਾਂ ਨੇ ਕੱਚੇ ਚਮੜੇ ਦਾ ਕੰਮ ਕੀਤਾ। ਮਰੇ ਡੰਗਰੇ ਚੁੱਕ ਕੇ ਉਨ੍ਹਾਂ ਦੀ ਖੱਲ਼ ਲਹੁਣੀ ਤੇ ਬੂਟਾ ਮੰਡੀ ਜਾ ਕੇ ਵੇਚਣੀ। ਭਾਵ ਉਹ ਕਿਸੇ ਦੇ ਅਧੀਨ ਕੰਮ ਨਹੀਂ ਸੀ ਕਰਦੇ। ਕੱਚੇ ਚਮੜੇ ਦੇ ਕੰਮ ਕਰਨ ਨਾਲ ਉਨ੍ਹਾਂ ਕੋਲ ਪੈਸਾ ਆਉਣ ਲੱਗ ਪਿਆ ਸੀ। ਉਨ੍ਹਾਂ ਨੇ 1973 ਵਿਚ ਆਪਣੇ ਮਕਾਨ ਪਿੰਡ ਧਰਮਪੁਰੇ ਬਣਾ ਲਏ ਸਨ। ਸਾਰੇ ਭਰਾਵਾਂ ਨੇ ਰਲ਼ ਕੇ ਜ਼ਮੀਨ ਖਰੀਦ ਲਈ ਸੀ। ਉਨ੍ਹਾਂ ਦੇ ਪਿਤਾ ਦੂਨੀ ਚੰਦ ਨੇ ਨਾਨੇ ਦੇ ਨਾਂ 9 ਮਰਲੇ ਦਸ ਰੁਪਏ ਸਰਕਾਰੀ ਫੀਸ ਅਦਾ ਕਰਕੇ ਕਰ ਦਿੱਤੇ ਸਨ। ਉਸ ਸਮੇਂ ਜ਼ਮੀਨ ਬਹੁਤ ਸਸਤੀ ਮਿਲ ਜਾਂਦੀ ਸੀ। ਕੱਚੇ ਚਮੜੇ ਤੋਂ ਉਹ ਚਮੜਾ ਰੰਗਣ ਦਾ ਕੰਮ ਕਰਨ ਲੱਗ ਪਏ ਸਨ। ਪਿੰਡ ਧਰਮ ਪੁਰੇ ਵਿਚ ਚਮੜਾ ਰੰਗਣ ਦੀਆਂ ਕੁੰਨ੍ਹਾਂ ਮੈਂ ਨਿੱਕਾ ਹੁੰਦਾ ਵੇਖਦਾ ਹੁੰਦਾ ਸੀ। ਹਰ ਘਰ ਚਮੜਾ ਰੰਗਦਾ ਹੁੰਦਾ ਸੀ। ਚਮੜਾ ਰੰਗ ਕੇ ਉਹ ਬੂਟਾ ਮੰਡੀ ਚਮੜਾ ਵੇਚਣ ਜਾਂਦੇ ਹੁੰਦੇ ਸਨ। ਉਸ ਸਮੇਂ ਨਾਨਕੇ ਪਰਿਵਾਰ ਵਿਚੋਂ ਕੁਝ ਮੁੰਡੇ ਪੜ੍ਹ ਗਏ। ਜਿਹੜੇ ਬਾਅਦ ਵਿਚ ਵੱਡੀਆਂ ਨੌਕਰੀਆਂ ਤੇ ਲੱਗ ਗਏ। ਕੁਝ ਜਿਹੜਾ ਥੋੜ੍ਹਾ ਪੜ੍ਹ ਗਏ ਸਨ ਉਹ ਅਰਬ ਦੇਸ਼ਾਂ ਵਿਚ ਜਾਣ ਲੱਗ ਪਏ। ਇਹ ਅੱਸੀਵਿਆਂ ਦਾ ਦਹਾਕਾ ਸੀ। ਉਨ੍ਹਾਂ ਕੋਲ ਪੈਸੇ ਆਉਣ ਲੱਗ ਪਏ। ਉਨ੍ਹਾਂ ਦੀ ਆਰਥਿਕ ਸਥਿਤੀ ਬਹੁਤ ਚੰਗੀ ਹੁੰਦੀ ਗਈ। ਮੇਰੇ ਨਾਨੇ ਦੇ ਭਰਾ ਦੇ ਜਦੋਂ ਦੋ ਮੁੰਡੇ ਦੁਬਾਈ ਗਏ ਤਾਂ ਉਨ੍ਹਾਂ ਨੇ ਨੰਬਰ ਸਿਸਟਮ ਤੇ ਦੋ ਚੇਤਕ ਸਕੂਟਰ ਖਰੀਦ ਕੇ ਘਰ ਖੜ੍ਹੇ ਕਰ

ਲਏ। ਧੁੱਪ ਨਾਲ ਸਕੂਟਰ ਲਿਸ਼ਕ ਰਹੇ ਸਨ। ਸਾਰੇ ਨਾਨਕੇ ਪਰਿਵਾਰ ਦੇ ਲੋਕ ਸਕੂਟਰ ਵੇਖਣ ਆਏ ਸਨ। ਉਦੋਂ ਵਿਦੇਸ਼ੀ ਕਰੰਸੀ ਨਾਲ ਸਕੂਟਰਾਂ ਦੀ ਬੁਕਿੰਗ ਹੁੰਦੀ ਸੀ। ਕਈ ਤਾਂ ਸਕੂਟਰ ਲਿਆ ਕੇ ਅੱਗੇ ਬਲੈਕ ਵਿਚ ਮਹਿੰਗੇ ਮੁੱਲ 'ਤੇ ਵੇਚ ਦਿੰਦੇ ਸਨ। ਇਸ ਤਰ੍ਹਾਂ ਮੈਂ ਵੇਖਿਆ ਕਿ ਸਾਡੀ ਰਿਸ਼ਤੇਦਾਰੀ ਵਿਚੋਂ ਕਈ ਲੋਕ ਮਾਸਕਟ, ਸਊਦੀ ਅਰਬ ਜਾਂ ਦੁਬਾਈ ਜਾਣ ਲੱਗ ਪਏ। ਉਨ੍ਹਾਂ ਨੇ ਉਥੇ ਜਾ ਕੇ ਬਹੁਤ ਮਿਹਨਤ ਕੀਤੀ ਤੇ ਧੰਨ ਵੀ ਕਮਾਇਆ। ਉਨ੍ਹਾਂ ਨੇ ਪੱਕੀਆਂ ਇੱਟਾਂ ਨਾਲ ਸੀਮੈਂਟ ਨਾਲ ਪਲੱਸਤਰ ਕਰਕੇ ਆਪਣੇ ਘਰ ਬਣਾਏ। ਅੱਗੇ ਆਪਣੇ ਨਿਆਣੇ ਸਕੂਲਾਂ ਵਿਚ ਪੜ੍ਹਨ ਲਾ ਦਿੱਤੇ ਅਤੇ ਜਿਹੜੇ ਮੁੰਡੇ ਵੱਧ ਧੰਨ ਕਮਾਉਣ ਲੱਗ ਪਏ, ਉਨ੍ਹਾਂ ਨੇ ਧਾਰਮਿਕ ਕੰਮਾਂ, ਸਮਾਜਿਕ ਕੰਮਾਂ ਲਈ ਪੈਸੇ ਦੇਣੇ ਸ਼ੁਰੂ ਕਰ ਦਿੱਤੇ। ਜਿਸ ਨਾਲ ਦਲਿਤਾਂ ਵਿਚ ਇਕ ਧਾਰਮਿਕ ਕਚਲਰ ਉਸਰਨ ਲੱਗ ਪਿਆ। ਅਰਬ ਦੇਸ਼ਾਂ ਵਿਚ ਦੁਆਬੇ ਦੇ ਦਲਿਤ ਪਰਿਵਾਰਾਂ ਵਿਚੋਂ ਉਸ ਵੇਲੇ ਬਹੁਤ ਲੋਕ ਕੰਮ ਕਰਨ ਜਾਣ ਲੱਗ ਪਏ ਸਨ। ਤਕਰੀਬ ਹਰ ਘਰ ਵਿਚੋਂ ਇਕ- ਦੋ ਆਦਮੀ ਜਾ ਰਹੇ ਸਨ। ਕੀ ਹੋਇਆ ਕਿ ਦੁਆਬੇ ਦੇ ਦਲਿਤਾਂ ਦੀ ਆਰਥਿਕ ਸਥਿਤੀ ਪਹਿਲਾਂ ਨਾਲੋਂ ਚੰਗੀ ਹੋਣ ਲੱਗ ਪਈ। ਉਨ੍ਹਾਂ ਕੋਲ ਧੰਨ ਆਉਣ ਨਾਲ ਉਨ੍ਹਾਂ ਅੰਦਰ ਆਤਮ ਵਿਸ਼ਵਾਸ ਭਰਨ ਲੱਗ ਪਿਆ। 'ਕੀੜਾ' ਕਹਾਣੀ ਦਾ ਪਾਤਰ ਅਰਬ ਦੇਸ਼ ਜਾਂਦਾ ਏ ਤੇ ਉਥੇ ਜਾ ਕੇ ਦਿਮਾਗੀ ਤੌਰ ਤੇ ਹਿੱਲ ਜਾਂਦਾ ਏ। 'ਗੰਧ' ਕਹਾਣੀ ਦਾ ਪਾਤਰ ਇੰਗਲੈਂਡ ਜਾ ਕੇ ਇਕ ਗੋਰੀ ਨਾਲ ਵਿਆਹ ਕਰਵਾ ਕੇ ਪੱਕਾ ਹੋਣ ਦਾ ਜੁਗਾੜ ਕਰਦਾ ਏ। ਉਸ ਸਮੇਂ ਦਲਿਤਾਂ ਪਰਿਵਾਰਾਂ ਵਿਚ ਇੰਗਲੈਂਡ ਅਮਰੀਕਾ ਜਾਂ ਕੈਨੇਡਾ ਕੇਵਲ ਨਾ ਮਾਤਰ ਹੀ ਲੋਕ ਜਾਂਦੇ ਸਨ। ਕਿਉਂਕਿ ਉਨ੍ਹਾਂ ਕੋਲ ਐਨਾ ਧੰਨ ਵੀ ਨਹੀਂ ਸੀ ਦੂਜਾ ਉਨ੍ਹਾਂ ਵਿਚ ਇਨ੍ਹਾਂ ਦੇਸ਼ਾਂ ਵਿਚ ਜਾਣ ਲਈ ਐਨੀ ਚੇਤਨਾ ਵੀ ਨਹੀਂ ਸੀ। ਪਰ ਅਰਬ ਦੇਸ਼ਾਂ ਦੀ ਕਮਾਈ ਨੇ ਦੁਆਬੇ ਦੇ ਦਲਿਤਾਂ ਦੇ ਵਿਹੜਿਆਂ ਵਿਚ ਰੋਸ਼ਨੀ ਕਰ ਦਿੱਤੀ। ਬਿਜਲੀ ਦਾ ਬਲਬ ਜਗਾ ਦਿੱਤੇ। ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਪੜ੍ਹਨ ਲੱਗ ਪਈਆਂ। ਤੇ ਨੌਕਰੀਆਂ ਵਿਚ ਜਾਣ ਲੱਗ ਪਈਆਂ। ਧਾਰਮਿਕ ਤੌਰ 'ਤੇ ਉਹ ਜਾਗਣ ਲੱਗ ਪਏ। ਉਨ੍ਹਾਂ ਅੰਦਰ ਸਮਾਜਕ ਸੂਝ ਆਉਣ ਲੱਗ ਪਏ। ਜੋ ਵਧੇਰੇ ਪੜ੍ਹ ਲਿਖ ਗਏ ਸਨ। ਉਨ੍ਹਾਂ ਨੇ ਅੰਬੇਡਕਰ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਉਹ ਅੰਬੇਡਕਰ ਦੇ ਬੁੱਧ ਧਰਮ ਤੋਂ ਜਾਣੂ ਹੋਣ ਲੱਗ ਪਏ। ਇੰਗਲੈਂਡ ਗਏ ਕੁਝ ਲੋਕਾਂ ਨੇ ਏਧਰ ਬੁੱਧ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਖੁਦ ਬੋਧੀ ਬਣਨ ਲੱਗ ਪਏ। ਉਨ੍ਹਾਂ ਬੁੱਧ ਧਰਮ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਮੈਂ ਸਮਝਦਾ ਹਾਂ ਕਿ ਦੁਆਬੇ ਵਿਚ ਜਿਹੜੀਆਂ ਸਮਾਜਿਕ ਅਤੇ ਰਾਜਨੀਤਿਕ ਲਹਿਰਾਂ ਚੱਲੀਆਂ ਉਨ੍ਹਾਂ ਦਾ ਦਲਿਤਾਂ ਲੋਕਾਂ ਵਿਚ ਚੇਤਨਾ ਭਰਨ ਵਿਚ ਬਹੁਤ ਵੱਡਾ ਰੋਲ ਏ। ਏਸ ਕਿਸਮ ਦੇ ਪਾਤਰ ਮੇਰੀਆਂ ਕਹਾਣੀਆਂ ਵਿਚ ਆਉਣ ਲੱਗ ਪਏ। ਮੇਰੇ ਨਾਨਾ ਜੀ ਅਤੇ ਉਨ੍ਹਾਂ ਦੇ ਭਰਾ ਅਤੇ ਉਸ ਪੀੜ੍ਹੀ ਦੇ ਹੋਰ ਸਾਥੀ ਰਾਜਨੀਤਿਕ ਤੌਰ ਤੇ ਅਤੇ ਸਮਾਜਕ ਤੌਰ ਤੇ ਬਹੁਤ ਸੁਚੇਤ ਸਨ। ਉਨ੍ਹਾਂ ਨੇ ਗੁਲਾਮਾਂ ਵਾਂਗ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਕੰਮ ਦੀ ਲੀਹ 'ਤੇ ਵੱਢ ਮਾਰਿਆ ਸੀ ਅਤੇ ਸੁਤੰਤਰ ਹੋ ਕੇ ਚਮੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਸੁਤੰਤਰ ਹੋ ਕੇ ਉਨ੍ਹਾਂ ਨੇ ਆਪਣਾ ਕਿੱਤਾ ਚੁਣ ਲਿਆ ਸੀ। ਇਹ ਸਮਾਜਕ ਕ੍ਰਾਂਤੀ ਦਾ ਮੁੱਢ ਸੀ। ਇਹ ਚੇਤਨਾ ਕੇਵਲ ਦੁਆਬੇ ਵਿਚ ਫੈਲ ਰਹੀ ਸੀ। ਉਸ ਸਮੇਂ ਮਾਝੇ ਅਤੇ ਮਾਲਵੇ ਵਿਚ ਬਹੁ ਗਿਣਤੀ ਦੇ ਦਲਿਤ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਜਾਂ ਤਾਂ ਸੀਰੀ ਦਾ ਕੰਮ ਕਰਦੇ ਸਨ ਜਾਂ ਦਿਹਾੜੀਆਂ ਕਰਦੇ ਸਨ। ਉਨ੍ਹਾਂ ਕੋਲ ਹੋਰ ਕਰਨ ਲਈ ਕੋਈ ਕੰਮ ਹੀ ਨਹੀਂ ਸੀ। ਨਾ ਜ਼ਮੀਨ ਸੀ ਨਾ ਜਾਇਦਾਦ। ਏਸ ਸਮੇਂ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਲੈ ਕੇ ਆਉਣ ਲੱਗ ਪਿਆ ਸਾਂ।

ਮੈਂ ਇਹ ਵੀ ਵੇਖਿਆ ਕਿ ਏਸ ਸਮੇਂ 'ਚ ਭੰਗੀ ਜਾਂ ਵਾਲਮੀਕੀ ਉਪਜਾਤੀ 'ਚ ਚੇਤਨਾ ਆਉਣ ਲੱਗ ਪਈ ਏ। ਉਨ੍ਹਾਂ 'ਚੋਂ ਵੀ ਜੋ ਪੜ੍ਹ ਗਏ ਅੱਗੇ ਨੌਕਰੀਆਂ 'ਚ ਚਲੇ ਗਏ। ਉਨ੍ਹਾਂ 'ਚ ਵੀ ਅੱਗੋਂ ਕਨਵਰਸ਼ਨ ਸ਼ੁਰੂ ਹੋ ਗਈ ਸੀ। ਉਹ ਵੱਡੀ ਪੱਧਰ 'ਤੇ ਇਸਾਈ ਬਣਨ ਲੱਗ ਪਏ ਸਨ। ਉਨ੍ਹਾਂ ਦੇ ਏਸ ਸਮੇਂ ਨੂੰ ਵੀ ਮੈਂ 'ਰਹਿਮਤ ਮਸੀਹ ਮੱਟੂ ਦੀ ਜੀਵਨੀ', 'ਕੁੰਭੀ ਨਰਕ' ਆਦਿ ਕਹਾਣੀਆਂ ਵਿਚ ਪੇਸ਼ ਕੀਤਾ ਏ। ਚਮਾਰਾਂ ਵਿਚ ਜਿਹੜੀ ਕਨਵਰਸ਼ਨ ਆਈ ਉਸ ਨੂੰ 'ਜੜ੍ਹਾਂ' ਕਹਾਣੀ ਵਿਚ ਪੇਸ਼ ਕੀਤਾ ਏ।

ਦੂਜੇ ਪਾਸੇ ਦੁਆਬੇ ਦੇ ਦਲਿਤ ਚਮਾਰਾਂ ਨੇ ਆਪਣੇ ਰਵਿਦਾਸ ਗੁਰਦਵਾਰੇ ਵਧੀਆਂ ਬਣਾਉਣੇ ਸ਼ੁਰੂ ਕਰ ਦਿੱਤੇ। ਸਮਾਜਕ ਕਾਰਜਾਂ 'ਤੇ ਖਰਚੇ ਕਰਨ ਲੱਗੇ ਪਏ। ਬੂਟਾ ਮੰਡੀ ਦੇ ਕਈ ਸੇਠ ਤਾਂ ਕਰੋੜਪਤੀ ਬਣ ਗਏ। ਇਨ੍ਹਾਂ ਵਿਚੋਂ ਕਈ ਦਲਿਤ ਰਾਜਨੀਤੀ ਵਿਚ ਵੀ ਆਉਣ ਲੱਗ ਪਏ ਸਨ। ਇਹ ਸਾਰੇ ਸਮਾਜਕ ਵਰਤਾਰੇ ਨੂੰ ਮੈਂ ਵੇਖ ਰਿਹਾ ਸੀ। ਮੈਂ ਮਹਿਸੂਸ ਕਰ ਰਿਹਾ ਸੀ। ਆਪਣੇ ਨਾਨੇ ਦੀਆਂ ਅੱਖਾਂ ਰਾਹੀਂ ਉਸ ਤੋਂ ਪੰਜਾਹ-ਸੱਤਰ ਸਾਲ ਪਹਿਲਾਂ ਦਾ ਸਮਾਂ ਵੀ ਵੇਖ ਰਿਹਾ ਸੀ। ਸਮਝ ਰਿਹਾ ਸੀ। ਨਾਨਾ ਆਪਣੇ ਸਾਥੀਆਂ ਅਤੇ ਆਪਣੇ ਭਰਾਵਾਂ ਤੇ ਮੁੰਡਿਆਂ ਵਿਚ ਬੈਠ ਕੇ ਜਿਹੜੀਆਂ ਗੱਲਾਂ ਕਰਦੇ ਸਨ। ਉਨ੍ਹਾਂ ਨੂੰ ਮੈਂ ਸੁਣਦਾ ਰਹਿੰਦਾ ਸੀ। ਉਹ ਅੰਬੇਡਕਰ ਦੀਆਂ ਗੱਲਾਂ ਕਰਦੇ ਸਨ। ਜਦੋਂ ਜਲੰਧਰ ਅੰਬੇਡਕਰ ਆਏ ਸਨ। ਉਸ ਵੇਲੇ ਦੇ ਦ੍ਰਿਸ਼ ਵਾਲੇ ਬਿਰਤਾਂਤ ਮੈਂ ਸੁਣਦਾ ਰਹਿੰਦਾ ਸਾਂ। ਜਦੋਂ ਆਦਿ ਧਰਮ ਲਹਿਰ ਚੱਲੀ। ਬਾਬੂ ਮੰਗੂ ਰਾਮ ਮੁੱਗੋਵਾਲੀਆਂ ਨੇ ਆਦਿ ਧਰਮ ਲਹਿਰ ਚਲਾਈ ਉਸ ਵੇਲੇ ਦੇ ਬਿਰਤਾਂਤ ਮੈਂ ਸੁਣਦਾ ਰਹਿੰਦਾ ਸਾਂ। ਮੰਗੂ ਰਾਮ ਬੂਟਾ ਮੰਡੀ ਅਤੇ ਪਿੰਡ ਧਰਮ ਪੁਰ ਨਾਨੇ ਹੁਰਾਂ ਕੋਲ ਜਾਂ ਉਨ੍ਹਾਂ ਦੇ ਪਿਤਾ ਦੁਨੀ ਚੰਦ ਹੁਰਾਂ ਕੋਲ ਆਉਂਦੇ ਜਾਂਦੇ ਰਹਿੰਦੇ ਸਨ। ਕਿਉਂਕਿ ਸਿੱਧੇ ਅਸਿੱਧੇ ਉਹ ਵੀ ਇਸ ਲਹਿਰ ਲਈ ਕੰਮ ਕਰਦੇ ਰਹੇ ਸਨ। ਨਿੱਕਾ ਹੁੰਦਾ ਮੈਂ ਆਪਣੇ ਨਾਨੇ ਦੇ ਟਰੰਕ ਵੱਲ ਬੜੀ ਗੁਹ ਨਾਲ ਵੇਖਦਾ ਹੁੰਦਾ ਸਾਂ। ਜਿਹਦੇ ਵਿਚ ਉਹ ਅੰਬੇਡਕਰ ਦੀਆਂ ਕਿਤਾਬਾਂ, ਆਦਿ ਡੰਕਾ ਅਖਬਾਰ ਦੀਆਂ ਕਾਪੀਆਂ, ਰਵਿਦਾਸ ਪੱਤ੍ਰਕਾ ਦੀਆਂ ਕਾਪੀਆਂ ਅਤੇ ਗੁਰੂ ਰਵਿਦਾਸ ਦੀ ਬਾਣੀ ਦੀਆਂ ਪੋਥੀਆਂ ਸਾਂਭ ਕੇ ਰੱਖਦੇ ਸਨ। ਇਸ ਸਾਰੇ ਸਮੇਂ ਨੂੰ ਮੇਰਾ ਮਨ ਸਮਝ ਰਿਹਾ ਸੀ। ਮਹਿਸੂਸ ਕਰ ਰਿਹਾ ਸੀ। ਆਪਣੇ ਪਰਿਵਾਰਾਂ ਦੀਆਂ ਔਰਤਾਂ ਦੀ ਸਥਿਤੀ ਵੇਖ ਰਿਹਾ ਸੀ।

ਜਦੋਂ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤਾਂ ਸੁਭਾਵਿਕ ਹੀ ਸੀ ਮੇਰੇ ਆਲੇ ਦੁਆਲੇ ਜਿਹੋ ਜਿਹੀਆਂ ਘਟਨਾਵਾਂ ਘਟ ਰਹੀਆਂ ਸਨ। ਜਿਹੋ ਜਿਹਾ ਸਮਾਂ ਬਤੀਤ ਹੋ ਰਿਹਾ ਸੀ। ਜਿਹੜੇ ਲੋਕ ਵਿਚਰ ਰਹੇ ਸਨ। ਉਨ੍ਹਾਂ ਵਿਚੋਂ ਹੀ ਕਹਾਣੀਆਂ ਦੇ ਪਾਤਰ ਲੈਣੇ ਸਨ। ਉਨ੍ਹਾਂ ਵਿਚੋਂ ਹੀ ਕਹਾਣੀਆਂ ਦੇ ਦ੍ਰਿਸ਼ ਘੜਨੇ ਸਨ। ਸੋ ਮੈਂ ਉਨ੍ਹਾਂ ਦਲਿਤ ਪਰਿਵਾਰਾਂ ਦੇ ਆਪਸੀ ਰਿਸ਼ਤਿਆਂ ਨੂੰ , ਆਪਸੀ ਖਿੱਚੋਤਾਣ

ਨੂੰ , ਆਪਸੀ ਵਿਰੋਧਾ ਨੂੰ ਮੁੱਢਲੀਆਂ ਕਹਾਣੀਆਂ ਵਿਚ ਫੜਨ ਦਾ ਅਚੇਤ ਯਤਨ ਕੀਤਾ। ਉਨ੍ਹਾਂ ਵਿਚ ਜਿਹੜੀਆਂ ਆਪਸੀ ਕੰਟਾਡੰਕਸ਼ਨ ਸਨ। ਜਿਹੜੇ ਵਿਰੋਧ ਸਨ। ਪਰਿਵਾਰਾਂ ਨੂੰ ਲੈ ਕੇ। ਧਾਰਮਿਕ ਕਾਰਜਾਂ ਨੂੰ ਲੈ ਕੇ। ਰਸਮਾਂ ਨੂੰ ਲੈ ਕੇ ਆਰਥਿਕਤਾਂ ਨੂੰ ਲੈ ਕੇ ਮੇਰੇ ਅੰਦਰ ਬੈਠਾ ਕਥਾਕਾਰ ਉਨ੍ਹਾਂ ਨੂੰ ਘੜਨ ਘੜਨ ਲੱਗ ਪਿਆ ਸੀ। ਮੁੱਢਲੀਆਂ ਕਹਾਣੀਆਂ ਵਿਚ ਮੇਰੇ ਦਾਦਕੇ ਪਰਿਵਾਰ ਦਾ ਸਮਾਂ ਏ ਅਤੇ ਬਾਅਦ ਦੀਆਂ ਕਹਾਣੀਆਂ ਵਿਚ ਨਾਨਕੇ ਪਰਿਵਾਰ ਤੇ ਉਸ ਦੇ ਆਲੇ ਦੁਆਲੇ ਦਾ ਸਮਾਂ ਏ।

ਵੀਹ-ਇੱਕੀ ਸਾਲ ਵਿਚ ਮੇਰੀ ਸਮਾਜ ਨੂੰ ਸਮਝਣ ਦੀ ਜਿਨੀ ਕੁ ਸਮਝ ਸੀ। ਆਪਣੇ ਤੋਂ ਵੱਡਿਆ ਦੀਆਂ ਗੱਲਾਂ ਸੁਣ ਕੇ, ਵਿਚਾਰ ਸੁਣ ਕੇ ਮੈਂ ਜਿੰਨੀ ਕੁ ਜਿਸ ਤਰ੍ਹਾਂ ਦੀ ਸਮਝ ਬਣਾਈ ਸੀ ਉਸ ਦੇ ਅਧਾਰ ਤੇ ਮੈਂ ਆਪਣੇ ਅਨੁਭਵ ਕੀਤੇ ਸਮੇਂ ਵਿਚੋਂ ਪਾਤਰ ਲੱਭਣ ਲੱਗ ਪਿਆ ਸਾਂ। ਉਨ੍ਹਾਂ ਨੂੰ ਲੱਭ ਕੇ ਉਨ੍ਹਾਂ ਦੇ ਇਰਦ ਗਿਰਦ ਘਟਨਾਵਾਂ ਅਤੇ ਦ੍ਰਿਸ਼ ਘੜਨ ਲੱਗ ਪਿਆ ਸਾਂ। ਆਪਣੇ ਪਰਿਵਾਰਾਂ ਦੇ ਵਿਹੜਿਆਂ ਦੇ ਦ੍ਰਿਸ਼ ਚਿਤਰਨ ਲੱਗ ਪਿਆ ਸਾਂ। ਅਤਿ ਦੀ ਗਰੀਬੀ, ਨਿੱਕੇ ਨਿੱਕੇ ਚਾਅ, ਖੁਸ਼ੀਆਂ ਅਤੇ ਨਿੱਕੇ ਨਿੱਕੇ ਵਿਰੋਧ ਮੇਰੀਆਂ ਮੁੱਢਲੀਆਂ ਕਹਾਣੀਆਂ ਵਿਚ ਆਉਣ ਲੱਗ ਪਏ ਸਨ। ਸੂਰਜ ਦੀ ਕਿਰਨ, ਵਾਢੀਆਂ ਤੋਂ ਬਾਅਦ, ਧੁੰਦ ਨੂੰ ਚੀਰਦਾ ਸੂਰਜ, ਕੁਵੇਲੇ ਤੁਰਿਆ ਪਾਂਧੀ, ਆਪਣੇ ਲਹੂ ਦੀ ਚਿੰਤਾ, ਕੱਚੀ ਇੱਟ ਦਾ ਦਰਦ, ਵਰਗੀਆਂ ਕਹਾਣੀਆਂ ਮੇਰੇ ਮੁੱਢਲੇ ਅਨੁਭਵ ਦੀਆਂ ਕਹਾਣੀਆਂ ਨੇ। ਉਸ ਵੇਲੇ ਮੈਂ ਸੁਚੇਤ ਨਹੀਂ ਸਾਂ। ਬਈ ਮੈਂ ਏਸ ਕਿਸਮ ਦੀ ਕਹਾਣੀ ਲਿਖਣੀ ਏ। ਪ੍ਰਗਤੀਵਾਦੀ ਕਹਾਣੀ ਲਿਖਣੀ ਏ... ਮਾਨਵਵਾਦੀ ਕਹਾਣੀ ਲਿਖਣੀ ਏ... ਜਾਂ ਸੁਧਾਰਵਾਦੀ ਕਹਾਣੀ ਲਿਖਣੀ ਏ... ਵਗੈਰਾ ਵਗੈਰਾ। ਮੈਂ ਜੋ ਅਨੁਭਵ ਕੀਤਾ। ਲਿਖ ਦਿੱਤਾ। ਬਾਅਦ ਵਿਚ ਜਦੋਂ ਇਨ੍ਹਾਂ ਮੁਢਲੀਆਂ ਕਹਾਣੀਆਂ ਨੂੰ ਪੜ੍ਹਿਆ ਤਾਂ ਮਹਿਸੂਸ ਕੀਤਾ ਕਿ ਮੈਂ ਆਪਣੇ ਲੋਕਾਂ ਦੇ ਦੁੱਖ, ਦਰਦ ਅਤੇ ਪੀੜਾ ਹੀ ਨਹੀਂ ਪੇਸ਼ ਕੀਤੀ ਬਲਕਿ ਉਨ੍ਹਾਂ ਦੇ ਆਪਸੀ ਵਿਰੋਧ, ਉਹ ਇਕ ਦੂਜੇ ਨਾਲ ਕਿਵੇਂ ਵਿਹਾਰ ਕਰਦੇ ਹਨ। ਉਨ੍ਹਾਂ ਦੀ ਮਾਨਸਿਕ ਸਥਿਤੀ ਜਿਸ ਕਿਸਮ ਦੀ ਏ। ਉਨ੍ਹਾਂ ਦੇ ਆਪਸੀ ਵਿਰੋਧਾਂ ਨੂੰ ਵੀ ਪੇਸ਼ ਕੀਤਾ ਏ। ਬਾਅਦ ਵਿਚ ਲਿਖੀਆਂ ਕਹਾਣੀਆਂ ਵਿਚ ਇਹ ਮੁੱਦਾ ਮੈਂ ਸਿਧਾਂਤਕ ਤੌਰ ਤੇ ਹੋਰ ਪ੍ਰਪੱਕਤਾ ਨਾਲ ਪੇਸ਼ ਕੀਤਾ ਕਿ ਦਲਿਤ ਪਾਤਰਾਂ ਵਿਚ ਧਰਮ ਨੂੰ ਲੈ ਕੇ, ਆਰਥਿਕਤਾ ਨੂੰ ਲੈ ਕੇ ਅਤੇ ਸਮਾਜਕ ਵਿਹਾਰ ਨੂੰ ਲੈ ਕੇ ਆਪਸ ਵਿਚ ਬਹੁਤ ਕੰਟਾਡੰਕਸ਼ਨ ਨੇ। ਵਿਰੋਧ ਹਨ। ਮੇਰੀ ਕਥਾ ਦੇ ਪਾਤਰ ਜਿਨ੍ਹਾਂ ਨੂੰ ਤੁਸੀਂ ਦਲਿਤ ਪਾਤਰ ਕਹਿ ਸਕਦੇ ਹੋ, ਉਨ੍ਹਾਂ ਦਾ ਸਵਰਨ ਜਾਤੀਆਂ ਜਾਂ ਉੱਚੀ ਜਾਤੀਆਂ ਵੱਲੋਂ ਕੀਤਾ ਜਾਂਦਾ ਸ਼ੋਸ਼ਣ ਜਾਂ ਟਕਰਾਓ ਨਹੀਂ ਪੇਸ਼ ਕੀਤਾ ਬਲਕਿ ਦਲਿਤ ਸਮਾਜ ਦੀਆਂ ਇਨਰ ਕੰਟਾਡੰਕਸ਼ਨ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ। ਜਾਂ ਕਹਿ ਲਓ ਮੈਂ ਆਪਣੇ ਸਮੇਂ ਵਿਚ ਸ਼ੋਸ਼ਣ ਵੇਖਿਆ ਹੀ ਨਹੀਂ। ਮਹਿਸੂਸ ਕੀਤਾ ਹੀ ਨਹੀਂ। ਹਾਂ ਇਕ ਗੱਲ ਮੈਨੂੰ ਚੇਤੇ ਆ ਗਈ... ਉਸ ਸਮੇਂ ਹਰਭਜਨ ਹੁਦਲ ਹੁਰਾਂ ਨੇ 'ਚਿਰਾਗ਼' ਪਰਚਾ ਸ਼ੁਰੂ ਕੀਤਾ ਅਤੇ ਮੈਂ ਉਨ੍ਹਾਂ ਨੂੰ ਆਪਣੀ ਕਹਾਣੀ ਭੇਜੀ ਜਿਹਦੇ ਵਿਚ ਇਕ ਪਾਤਰ ਖੇਤਾਂ ਦਾ ਕਾਮਾ ਏ ਅਤੇ ਉਹ ਦਲਿਤ ਜਾਤੀ ਦੇ ਖੇਤ ਮਾਲਕਾਂ ਕੋਲ ਕੰਮ ਕਰਦਾ ਏ। ਉਹ ਉਹਦਾ ਸ਼ੋਸ਼ਣ ਕਰਦੇ ਹਨ। ਉਹਨੂੰ ਨਸ਼ਿਆ ਤੇ ਲਾ ਦਿੰਦੇ ਹਨ। ਵਗੈਰਾ ਵਗੈਰਾ... ਮੈਂ ਤਾਂ ਆਪਣੇ ਸਮੇਂ ਵਿਚ ਜੋ ਵੇਖਿਆ ਸੀ ਉਹ ਹੀ ਲਿਖਿਆ ਸੀ। ਸੰਪਾਦਕ ਸਾਹਿਬ ਮੈਨੂੰ ਕਹਿਣ ਲੱਗੇ ਕਿ ਮੁੰਡਿਆ ਤੂੰ ਜ਼ਮੀਨ ਵਾਲੇ ਪਾਤਰ ਜੱਟ ਜ਼ਿੰਮੀਦਾਰ ਬਣਾ ਕੇ ਵਿਖਾ ਕਿ ਉਹ ਉੱਚੀ ਜਾਤੀ ਵਾਲੇ ਕਿਵੇਂ ਦਲਿਤਾਂ ਦਾ ਸ਼ੋਸ਼ਣ ਕਰਦੇ ਨੇ। ਕਿਵੇਂ ਉਨ੍ਹਾਂ ਦੀਆਂ ਦੀਆਂ ਦੀ ਇੱਜਤ ਨੂੰ ਹੱਥ ਪਾਉਂਦੇ ਨੇ। ਪਰ ਮੈਂ ਅਜਿਹਾ ਨਹੀਂ ਕੀਤਾ। ਕਿਉਂਕਿ ਮੈਂ ਆਪਣੇ ਸਮੇਂ ਵਿਚ ਇਹ ਵੇਖਿਆ ਨਹੀਂ ਸੀ। ਏਸ ਸਮੇਂ ਨੂੰ ਮੈਥੋਂ ਪਹਿਲਾਂ ਵਾਲੇ ਕਹਾਣੀਕਾਰਾਂ ਨੇ ਲਿਖ ਦਿੱਤਾ ਏ। ਤੁਸੀਂ 'ਜੜ੍ਹਾਂ' ਕਹਾਣੀ ਵੇਖ ਸਕਦੇ ਹੋ। ਰਵਿਦਾਸੀਆਂ ਭਾਈਚਾਰੇ ਵਿਚੋਂ ਨਿਕਲ ਕੇ ਇਕ ਪਾਤਰ ਗਿਆਨ ਜਦੋਂ ਕਨਵਰਟ ਹੋ ਕੇ ਬੋਧੀ ਬਣ ਜਾਂਦਾ ਏ, ਬੋਧ ਵਿਹਾਰ ਉਸਾਰਦਾ ਏ ਤਾਂ ਏਸ ਤਣਾਓ ਨੂੰ ਲੈ ਕੇ ਉਸ ਦਾ ਆਪਣੇ ਰਵਿਦਾਸੀਆਂ ਭਾਈਚਾਰੇ ਨਾਲ ਟਕਰਾ ਹੋ ਜਾਂਦਾ ਏ। ਇਸ ਕਾਸਟ ਕਨਵਰਸ਼ਨ ਨੂੰ ਮੈਂ 'ਕੁੰਭੀ ਨਰਕ', 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਵਰਗੀਆਂ ਕਹਾਣੀਆਂ ਵਿਚ ਪ੍ਰਮੁੱਖਤਾ ਨਾਲ ਉਭਾਰਿਆ ਕਿਵੇਂ ਕਨਵਰਸ਼ਨ ਨਾਲ ਭਾਈਚਾਰਕ ਸਾਂਝ ਟੁੱਟਦੀ ਏ। ਸੰਕਟ ਖੜੇ ਕਰਦੀ ਏ।

ਇਕ ਸਮਾਂ ਇਹ ਵੀ ਆਇਆ ਕਿ ਮੈਂ ਆਪਣੇ ਸਮੇਂ ਦੀ ਸਮਾਜਕ ਇਤਿਹਾਸਕਾਰੀ ਨੂੰ ਵੀ ਸਮਝਣ ਲੱਗ ਪਿਆ ਸਾਂ। ਮੈਂ ਆਪਣੇ ਮਨ ਵਿਚ ਆਪਣੇ ਪੁਰਖਿਆ ਦੀਆਂ ਅੱਖਾਂ ਨਾਲ ਵੇਖੇ ਸਮਾਜ ਦੀਆਂ ਘਟਨਾਵਾਂ ਨੂੰ ਪੁਨਰ ਸੁਰਜੀਤ ਕਰਨ ਲੱਗ ਪਿਆ ਸਾਂ। ਇਹ ਘਟਨਾਵਾਂ ਭਾਵੇਂ ਕਿ ਮੇਰੇ ਸਮੇਂ ਦੀਆਂ ਨਹੀਂ ਸਨ, ਪਰ ਮੇਰੇ ਪੁਰਖਿਆ ਦੇ ਜ਼ਖ਼ਮੀ ਅਤੀਤ ਦਾ ਹਿੱਸਾ ਸਨ। 'ਸੁੱਕੀਆਂ ਕੁੰਨਾਂ', 'ਆਦਿ ਡੰਕਾ', 'ਕੁੰਭੀ ਨਰਕ', 'ਰਹਿਮਤ ਮਹੀਸ ਮੱਟੂ ਦੀ ਜੀਵਨੀ', 'ਜੜ੍ਹਾਂ' ਅਤੇ 'ਰੰਗਾਂ ਦੀ ਸਾਂਝ 0 ਸਮਾਜ ਵਿਗਿਆਨ' ਵਰਗੀਆਂ ਕਹਾਣੀਆਂ ਵਿਚ ਮੈਂ ਦਲਿਤ ਸਮਾਜ ਦੀ ਸਮਾਜਕ ਇਤਿਹਾਸਕਾਰੀ ਕਰਨ ਦੀ ਕੋਸ਼ਿਸ਼ ਕੀਤੀ ਏ। ਇਹ ਕਹਾਣੀਆਂ ਪਾਠਕਾਂ ਵੱਲੋਂ ਸਲਾਹੀਆਂ ਗਈਆਂ ਨੇ। ਪੰਜਾਬੀ ਕਹਾਣੀ ਵਿਚ ਇਨ੍ਹਾਂ ਵਿਸ਼ਿਆ ਨੂੰ ਮੈਂ ਸੱਜਰੇ ਵਿਸ਼ੇ ਕਹਿੰਦਾ ਹਾਂ। ਇਨ੍ਹਾਂ 'ਤੇ ਲਿਖਿਆ ਨਹੀਂ ਗਿਆ ਏ। ਇਨ੍ਹਾਂ ਕਹਾਣੀਆਂ ਵਿਚ ਮੇਰਾ ਸਮਾਂ ਵੀ ਅਤੇ ਮੇਰੇ ਪੁਰਖਿਆ ਦਾ ਸਮਾਂ ਵੀ ਏ।

ਆਪਣੇ ਸਮੇਂ ਵਿਚ ਇਕ ਤਾਂ ਮੈਂ ਬੰਦੇ ਨੂੰ ਜਾਂ ਕਹਿ ਲਓ ਮਰਦ ਨੂੰ ਵੇਖ ਰਿਹਾ ਸਾਂ। ਉਸ ਨੂੰ ਲੈ ਕੇ ਕਹਾਣੀ ਲਿਖ ਰਿਹਾ ਸਾਂ। ਦਲਿਤ ਪਰਿਵਾਰਾਂ ਵਿਚੋਂ ਵਿਚਰ ਰਹੇ ਬਜ਼ੁਰਗ ਬੰਦਿਆਂ ਨੂੰ ਲੈ ਕੇ ਮੈਂ ਕਹਾਣੀਆਂ ਲਿਖ ਰਿਹਾ ਸਾਂ। ਓਸ ਸਮੇਂ ਜਦੋਂ ਮੈਂ ਜਵਾਨ ਸੀ ਤਾਂ ਮੈਨੂੰ ਪਿਆਰ-ਮੁਹੱਬਤ ਦੀਆਂ ਕਹਾਣੀਆਂ ਲਿਖਣੀਆਂ ਚਾਹੀਦੀਆਂ ਸਨ। ਪਰ ਮੈਂ ਬਜ਼ੁਰਗ ਦੀਆਂ ਕਹਾਣੀਆਂ ਲਿਖਣ ਲੱਗ ਪਿਆ। ਜਿਸ ਨੂੰ ਇਕ ਨਾਇਕ ਦਾ ਬਿੰਬ ਕਹਿੰਦੇ ਹਨ। ਜਿਵੇਂ 'ਜੜ੍ਹਾਂ' ਕਹਾਣੀ ਦਾ ਭਿਕਸ਼ੂ ਗਿਆਨ ਹੈ। 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਦਾ ਮਾਸਟਰ ਹੈ। 'ਕੁੰਭੀ ਨਰਕ' ਦਾ ਮੈਂ ਪਾਤਰ ਏ। 'ਸੁੱਕੀਆਂ ਕੁੰਨਾਂ' ਦਾ ਬਜ਼ੁਰਗ ਪਾਤਰ, ਜਿਹੜਾ ਆਪਣੀਆਂ ਚਾਰ ਪੀੜ੍ਹੀਆਂ ਵੇਖ ਰਿਹਾ ਏ। ਅਤੇ 'ਆਦਿ ਡੰਕਾ' ਦਾ ਮੈਂ ਪਾਤਰ ਆਦਿ ਆਦਿ। ਇਹ ਮਰਦ ਪਾਤਰ ਮੇਰੇ ਲਈ ਵੱਡੇ ਮਨੁੱਖ ਹੱਡ ਮਾਸ ਦੇ ਪਾਤਰ ਨੇ। ਇਨ੍ਹਾਂ ਪਾਤਰਾਂ ਨੂੰ ਮੈਂ ਲੰਮੇ ਸਮੇਂ ਤੋਂ ਵੇਖਦਾ ਆ ਰਿਹਾ ਸਾਂ। ਅੱਖੀ ਵੇਖੇ ਤੇ ਕਲਪਨਾ ਦੇ ਸੁਮੇਲ ਨਾਲ ਮੈਂ ਇਨ੍ਹਾਂ ਪਾਤਰਾਂ ਨੂੰ , ਘਟਨਾਵਾਂ ਨੂੰ ਉਸਾਰਦਾ ਰਿਹਾ ਸਾਂ। ਇਕ ਤਾਂ ਮੈਂ ਆਪਣੇ ਸਮੇਂ ਨੂੰ ਇਨ੍ਹਾਂ ਮਰਦ ਪਾਤਰਾਂ ਰਾਹੀਂ ਕਹਾਣੀਆਂ ਵਿਚ ਪੇਸ਼ ਕਰਦਾ ਹਾਂ ਦੂਜਾ ਮੇਰੇ ਸਾਹਮਣੇ ਔਰਤਾਂ

ਨੇ। ਇਕ ਤਾਂ ਔਰਤ ਹੁੰਦੀ ਏ ਤੇ ਅੱਗੋਂ ਉਹ ਵੀ ਦਲਿਤ ਪਰਿਵਾਰ ਦੀ ਔਰਤ! ਮੈਂ ਦਲਿਤ ਪਰਿਵਾਰ ਦੀਆਂ ਭਿੰਨ ਭਿੰਨ ਔਰਤਾਂ ਰਾਹੀਂ ਆਪਣੇ ਸਮੇਂ ਵਿਚ ਦਲਿਤ ਔਰਤ ਦੀ ਸਥਿਤੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਏ। 'ਕਸੂਰਵਾਰ' ਕਹਾਣੀ ਦੀ ਜਿਹੜੀ ਬਜ਼ੁਰਗ ਔਰਤ ਏ। ਉਹ ਦਲਿਤ ਔਰਤਾਂ ਦੀ ਪ੍ਰਤੀਨਿੱਧਤਾ ਕਰਦੀ ਏ। ਸਮਾਜ 'ਚ ਉਸ ਦੀ ਸਥਿਤੀ ਕਿਹੋ ਜਿਹੀ ਹੋਵੇਗੀ? ਉਹ ਕਿਵੇਂ ਪਲ ਪਲ ਮਰਨ ਦੇ ਬਾਵਜੂਦ 'ਘਰ' ਨੂੰ ਬਣਾਈ ਰੱਖਣ ਲਈ ਜੂਝ ਰਹੀ ਏ? ਸੋ ਮੈਂ ਦਲਿਤ ਔਰਤ ਦੀ ਸਮਾਜਕ ਇਤਿਹਾਸਕਾਰੀ ਨੂੰ 'ਕਸੂਰਵਾਰ' ਰਾਹੀ ਸਮਝਣ ਦਾ ਯਤਨ ਕੀਤਾ ਏ। ਇਸ ਤੋਂ ਅੱਗੇ 'ਜਨੇਊ' ਕਹਾਣੀ ਦੀ ਔਰਤ ਪਾਤਰ, 'ਇੰਦੂਮਣੀ' ਦੀ ਇੰਦੂਮਣੀ ਪਾਤਰ, 'ਮਾਸਾਹਾਰੀ' ਦੀ ਛਿੰਦੋ ਪਾਤਰ, 'ਦੇਵਕੀ ਨਾਲ ਮੁਲਾਕਾਤ' ਦੀ ਦੇਵਕੀ ਪਾਤਰ, 'ਤੀਜਾ ਨੇਤਰ' ਦੀ ਰਜਨੀ ਪਾਤਰ , 'ਮਹਾਮਾਯਾ' ਦੀ ਮੈਂ ਪਾਤਰ ਅਤੇ 'ਲੰਘ ਚੱਲੀ' ਦੀ ਬਜ਼ੁਰਗ ਔਰਤ, 'ਗੰਧ' ਕਹਾਣੀ ਦੀ ਮੋਨਿਕਾ, 'ਡਾਕੂਮੈਂਟਰੀ' ਦੀ ਮਾਸੀ ਵਰਿਆਮੀ ਇਹ ਸਾਰੀਆਂ ਔਰਤਾਂ ਮੇਰੇ ਸਮੇਂ ਦੀਆਂ ਉਹ ਔਰਤਾਂ ਹਨ ਜਿਹੜੀਆਂ ਅੰਦਰੂਨੀ ਅਤੇ ਬਾਹਰੀ ਕਾਰਨਾ ਕਰਕੇ ਪੀੜਤ ਹੁੰਦੀਆਂ ਹਨ। ਜਿਨ੍ਹਾਂ ਉੱਤੇ ਪਿਤਰੀ ਸੱਤਾ ਜਬਰ ਕਰਦੀ ਏ। ਜ਼ੁਲਮ ਕਰਦੀ ਏ। ਦਲਿਤ ਸਮਾਜ ਅੰਦਰ ਔਰਤ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ। ਇਕ ਤਾਂ ਉਹ ਅਨਪੜ੍ਹ ਏ। ਘਰ ਵਿਚ ਕੈਦ ਰਹਿੰਦੀ ਏ। ਦੂਜਾ ਉਹ ਸੁਤੰਤਰ ਹੋ ਕੇ ਕੰਮ ਨਹੀਂ ਕਰਦੀ। ਉਤਪਾਦਨ ਦੇ ਸਾਧਨਾਂ 'ਤੇ ਮਰਦ ਦਾ ਕਬਜ਼ਾ ਏ। 'ਮਾਸਾਹਾਰੀ' ਦੀ ਪਾਤਰ 'ਛਿੰਦੋ' ਵਰਗੀ ਔਰਤ ਜਦੋਂ ਘਰੋਂ ਬਾਹਰ ਨਿਕਲ ਕੇ ਲੋਕਾਂ ਦੀਆਂ ਕੋਠੀਆਂ ਵਿਚ ਝਾੜੂ ਪੋਚਾ ਲਾਉਣ ਦਾ ਕੰਮ ਕਰਦੀ ਏ ਤਾਂ ਮਰਦਾਂ ਦੇ ਬਣਾਏ ਸਮਾਜਕ ਵਰਜਨਾਵਾਂ ਵਾਲੇ ਪ੍ਰਬੰਧ ਨੂੰ ਟਿੱਚ ਸਮਝਣ ਲੱਗ ਪੈਂਦੀ ਏ। ਏਸ ਕਹਾਣੀ 'ਚ ਵੀ ਮਰਦ ਔਰਤ ਨੂੰ ਦਬਾਉਂਦੇ ਲਈ ਕਈ ਕਿਸਮ ਦੇ ਯਤਨ ਕਰਦੇ ਨੇ। ਦਲਿਤ ਸਮਾਜ ਦੀ ਔਰਤ ਪਲ ਪਲ ਮਰ ਰਹੀ ਏ। ਉਨ੍ਹਾਂ ਕੋਲ ਦੇਣ ਲਈ ਮਾਤਰ ਦੇਹ ਏ। ਜਿਸ ਨੂੰ ਮਰਦ ਭੋਗਦਾ ਵੀ ਏ ਅਤੇ ਉਸ ਦੇਹ ਨਾਲ ਕੰਮ ਵੀ ਲੈਂਦਾ ਏ। ਮੈਂ ਜਿਹੜੀਆਂ ਵੀ ਔਰਤਾਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ ਇਹ ਮੇਰੇ ਸਮੇਂ ਦੀਆਂ ਔਰਤਾਂ ਨੇ। ਇਹ ਆਪਣੇ ਨਾਲ ਸਮਝੌਤੇ ਵੀ ਕਰਦੀਆਂ ਨੇ। ਅਤੇ ਘਰ ਬੰਨ੍ਹਣ ਦਾ ਉਪਰਾਲਾ ਵੀ ਕਰਦੀਆਂ ਨੇ। ਉਨ੍ਹਾਂ ਦੀਆਂ ਦੈਹਿਕ ਲੋੜਾਂ ਵੀ ਕਈ ਤਰ੍ਹਾਂ ਦੇ ਸੰਕਟ ਖੜੇ ਕਰਦੀਆਂ ਨੇ। 'ਕਸੂਰਵਾਰ' ਅਤੇ 'ਮਾਸਾਹਾਰੀ' ਕਹਾਣੀਆਂ ਦੀਆਂ ਔਰਤਾਂ ਆਪਣੀ ਦੇਹ ਵੇਚ ਕੇ ਘਰ ਬੰਨ੍ਹਦੀਆਂ ਹਨ ਤੇ ਚਲਾਉਂਦੀਆਂ ਨੇ। ਏਥੇ ਮੈਂ ਸਿਸਟਮ 'ਤੇ ਉਂਗਲ ਰੱਖੀ ਏ। 'ਮਾਸਾਹਾਰੀ' ਦੀ ਔਰਤ ਆਪਣੀ ਦੇਹ ਨੂੰ ਆਪਣੀ ਮਰਜ਼ੀ ਨਾਲ ਵਰਤਦੀ ਏ। ਇਸ ਦੇ ਬਾਵਜੂਦ ਕਿ ਹਰ ਗੈਰ ਮਰਦ ਉਹਦੇ 'ਤੇ ਆਪਣੇ ਹੱਕ ਰੱਖਣਾ ਚਾਹੁੰਦਾ ਏ। ਉਹ ਸਿਸਟਮ 'ਤੇ ਲੱਤ ਮਾਰ ਕੇ ਅੱਗੇ ਲੰਘ ਜਾਂਦੀ ਏ।

ਮੇਰਾ ਸਮਾਂ ਹਰੀ ਕ੍ਰਾਂਤੀ ਤੋਂ ਬਾਅਦ ਦਾ ਸਮਾਂ ਏ, ਮੇਰਾ ਸਮਾਂ ਪੰਜਾਬ ਸੰਕਟ ਦਾ ਸਮਾਂ ਏ। ਮੇਰਾ ਸਮਾਂ ਪੰਜਾਬ ਸੰਕਟ ਉਪਰੰਤ ਉਭਰੀਆਂ ਅਨੇਕਾਂ ਸਮੱਸਿਆਵਾਂ ਦਾ ਸਮਾਂ ਏ। ਅਤੇ ਮੇਰਾ ਸਮਾਂ ਸਮਕਾਲ 'ਚ ਉਪਜੇ ਨੌਜਵਾਨਾ ਦੀ ਬੇਰੁਜ਼ਗਾਰੀ, ਬੇਗਾਨਗੀ, ਫ੍ਰਸ਼ਟ੍ਰੇਸ਼ਨ ਦੇ ਸੰਕਟਾਂ ਦਾ ਸਮਾਂ ਏ। 'ਸੁੱਕੀਆਂ ਕੁੰਨਾਂ' ਦਾ ਮੈਂ ਪਾਤਰ ਮਾਸਟਰ ਏਹੋ ਜਿਹਾ ਸਮਕਾਲ ਦਾ ਨੌਜਵਾਨ ਏ, ਜਿਹੜਾ ਪੜ੍ਹ ਤਾਂ ਜਾਂਦਾ ਏ ਪਰ ਨੌਕਰੀ ਪ੍ਰਾਪਤ ਕਰਨ ਤੋਂ ਵਾਂਝਾ ਰਹਿ ਜਾਂਦਾ ਏ। ਇਸ ਸਾਰੇ ਸਮੇਂ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਏ।

ਮੈਂ ਕਿਸਾਨੀ ਸੰਕਟ 'ਤੇ ਇਕੋ ਕਹਾਣੀ ਲਿਖੀ ਏ 'ਕਬਰ ਗਾਹ' ਇਹ ਦੁਆਬੇ ਦੇ ਕਿਸਾਨੀ ਸੰਕਟ ਦੀ ਕਹਾਣੀ ਨਹੀਂ ਬਲਕਿ ਪੂਰੇ ਭਾਰਤ ਦੇ ਕਿਸਾਨੀ ਸੰਕਟ ਦੀ ਕਹਾਣੀ ਏ। ਇਹ ਵੀ ਮੇਰੇ ਵੇਖੇ ਸਮੇਂ ਦੀ ਕਹਾਣੀ ਏ। ਮੇਰੇ ਸਮੇਂ ਵਿਚ ਮੇਰਾ ਸਮਾਜ ਹੀ ਨਹੀਂ ਬਲਕਿ ਪੂਰੇ ਪੰਜਾਬ ਦਾ ਸਮਾਜ, ਭਾਰਤੀ ਸਮਾਜ ਆਪਣੀਆਂ ਜਾਤਾਂ-ਗੋਤਾਂ ਵਿਚ ਜੀਉਂਦਾ ਏ। ਉਨ੍ਹਾਂ ਵਿਚ ਬੱਝਿਆ ਹੋਇਆ ਸਮਾਜ, ਜਾਤੀ ਬੰਧਨਾ ਵਿਚ ਵਿਚਰਦਾ ਏ। ਇਹ ਮੇਰੇ ਸਮੇਂ ਦਾ ਸੱਚ ਏ। ਇਹ ਮੇਰੇ ਪੁਰਖਿਆ ਦੇ ਸਮੇਂ ਦਾ ਵੀ ਸੱਚ ਸੀ। ਅਤੇ ਮੇਰੇ ਤੋਂ ਬਾਅਦ ਦੇ ਮੇਰੇ ਬੱਚਿਆਂ ਦੇ ਸਮੇਂ ਦਾ ਵੀ ਹੋਵੇਗਾ। ਸੋ ਮੈਂ ਆਪਣੇ ਸਮੇਂ ਨੂੰ ਫੜਦਿਆਂ ਆਪਣੀਆਂ ਕਹਾਣੀਆਂ ਵਿਚ ਜਿਹੜੇ ਪਾਤਰਾਂ ਦੀ ਉਸਾਰੀ ਕੀਤੀ ਏ ਉਹ ਆਪਣੀ ਜਾਤ-ਗੋਤ ਅਤੇ ਆਪਣੇ ਧਰਮ ਨਾਲ ਲੈ ਕੇ ਆਉਂਦੇ ਨੇ। ਕਹਾਣੀ ਨੂੰ ਸਮਾਜਕ ਸੱਚ ਦੇ ਨੇੜੇ ਲੈ ਕੇ ਆਉਣ ਲਈ ਮੈਂ ਉਨ੍ਹਾਂ ਦੀ ਪਛਾਣ ਗੋਤਾਂ ਨਾਲ ਕਰਵਾਉਂਦਾ ਹਾਂ। ਮੈਨੂੰ ਇਹ ਗੱਲ ਵੀ ਪਰੇਸ਼ਾਨ ਕਰਦੀ ਏ ਜਿਹੜੇ ਕਥਾਕਾਰ ਜਾਂ ਲੇਖਕ ਕਹਿੰਦੇ ਨੇ ਕਿ ਸਾਨੂੰ ਸਰਬ ਸਾਂਝੇ ਸਮਾਜ ਦੀ ਗੱਲ ਕਰਨੀ ਚਾਹੀਦਾ ਏ। ਮਨੁੱਖ ਦੀ ਗੱਲ ਕਰਨੀ ਚਾਹੀਦੀ ਏ। ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗੱਲਾਂ ਕਰ ਕੇ ਲਿਖ ਕੇ ਉਹ ਆਪਣੇ ਆਪ ਨੂੰ ਅਤੇ ਆਪਣੇ ਪਾਠਕਾਂ ਨੂੰ ਹਨੇਰੇ ਵਿਚ ਰੱਖਣਾ ਚਾਹੁੰਦੇ ਨੇ। ਮੈਂ ਪਾਠਕ ਨੂੰ ਸਮਾਜ ਦਾ ਸੱਚ ਵਿਖਾਉਣਾ ਚਾਹੁੰਦਾ ਕਿ ਭਾਰਤੀ ਅਤੇ ਪੰਜਾਬੀ ਸਮਾਜ ਧਰਮਾਂ, ਜਾਤਾਂ ਤੇ ਗੋਤਾਂ ਵਿਚ ਜਿਉਂਦਾ ਏ। ਉਨ੍ਹਾਂ 'ਚ ਹੀ ਮਰ ਜਾਂਦਾ ਏ। ਇਕ ਪ੍ਰਲੋਤਾਰੀ ਵਰਗ ਹੁੰਦਾ ਏ ਇਕ ਸਰਵਹਾਰਾ ਵਰਗ ਹੁੰਦਾ ਏ। ਇਹ ਧਾਰਨਾਵਾਂ ਭਾਰਤੀ / ਪੰਜਾਬੀ ਸਮਾਜ ਦੇ ਸੰਦਰਭ 'ਚ ਫ਼ਜ਼ੂਲ ਹਨ। ਏਸੇ ਸਮਾਜਕ ਸੱਚ ਨੂੰ ਮੈਂ ਆਪਣੇ ਸਮੇਂ ਵਿਚ ਵੇਖਿਆ ਤੇ ਭੋਗਿਆ ਏ। ਮੇਰੇ ਪੁਰਖਿਆ ਨੇ ਭੋਗਿਆ ਏ। ਮੈਨੂੰ ਕਈ ਦੋਸਤ ਕਹਿ ਦਿੰਦੇ ਨੇ ਯਾਰ ਹੁਣ ਆਹ ਦਲਿਤਾਂ ਜਿਹਾਂ ਦੀਆਂ ਕਹਾਣੀਆਂ ਲਿਖਣੀਆਂ ਛੱਡ ਦੇ... ਬਹੁਤ ਲਿਖ ਲਈਆਂ ਨੇ। ਮੈਂ ਠੰਢੇ ਦਿਮਾਗ ਨਾਲ ਸੋਚਦਾ ਵੀ ਹਾਂ... ਆਪਣੇ ਆਪ ਨੂੰ ਕਹਿੰਦਾ ਹਾਂ... ਫੇਰ ਮਨਾਂ ਮੈਂ ਕਿਹੋ ਜਿਹੀਆਂ ਕਹਾਣੀਆਂ ਲਿਖਾ? ਕਥਾਕਾਰ ਜੋ ਭੋਗਦਾ ਏ। ਜੋ ਆਪਣੇ ਸਮੇਂ ਵਿਚ ਵੇਖਦਾ ਏ। ਜੋ ਮਹਿਸੂਸ ਕਰਦਾ ਏ, ਉਹੀ ਤਾਂ ਲਿਖਦਾ ਏ। ਮੈਂ ਜਾਹਲੀ ਪਾਤਰ ਘੜ ਕੇ ਜਾਹਲੀ ਘਟਨਾਵਾਂ ਸਿਰਜ ਕੇ ਜਾਹਲੀ ਕਲਪਿਤ ਵਿਸ਼ਿਆ ਨਾਲ ਤਾਂ ਲਿਖ ਨਹੀਂ ਸਕਦਾ। ਮੈਥੋਂ ਫ਼ਿਲਹਾਲ ਤਾਂ ਲਿਖਿਆ ਨਹੀਂ ਜਾਣਾ। ਭਵਿੱਖ ਬਾਰੇ ਮੈਂ ਕਹਿ ਨਹੀਂ ਸਕਦਾ। ਮੈਂ ਹੁਣ ਤੱਕ ਆਪਣੇ ਸਮੇਂ ਨੂੰ ਚਿਤਰਿਆ ਏ। ਜੇ ਸਮਾਂ ਮੈਨੂੰ ਕਿਸੇ ਹੋਰ ਖਿੱਤੇ ਵਿਚ ਲੈ ਗਿਆ ਤਾਂ ਉਸ ਖਿੱਤੇ ਬਾਰੇ ਵੀ ਲਿਖਿਆ ਜਾ ਸਕਦਾ ਏ। ਇਹ ਤਾਂ ਸਮਾਂ ਹੀ ਦੱਸੇਗਾ। ਪਿਛਲੇ ਚਾਹ ਕੁ ਸਾਲਾਂ 'ਚ ਮੈਂ ਕੈਨੇਡਾ ਦੇ ਸਮੇਂ ਨੂੰ ਵੀ ਨੇੜੇ ਤੋਂ ਵੇਖਿਆ ਬਹੁਤ ਨੇੜੇ ਜਾ ਕੇ ਕੈਨੇਡਾ ਦੀ ਫ਼ਲਦਾਰ ਖੇਤੀਬਾੜੀ ਵੇਖੀ, ਛੋਟੀ ਕਿਸਾਨੀ, ਦਰਮਿਆਨੀ ਕਿਸਾਨੀ ਅਤੇ ਵੱਡੀ ਕਿਸਾਨੀ ਦੇ ਵਿਹਾਰ ਨੂੰ ਸਮਝਿਆ। ਉਥੋਂ ਦੇ ਪੰਜਾਬੀਆਂ ਦੀ ਮਾਨਸਿਕਤਾ ਸਮਝੀ, ਕੱਚੇ ਪਰਵਾਸੀਆਂ ਦੀ ਤਰਲੋਮੱਛੀ ਹੁੰਦੀ ਮਾਨਸਿਕਤਾ ਸਮਝੀ ਤੇ ਮੈਂ ਕਹਾਣੀ ਲਿਖੀ 'ਬਲੈਕ

ਡਸਟਬਿਨ'। ਇਕ ਨਾਵਲ 'ਜ਼ਰਖ਼ੇਜ਼' ਲਿਖਿਆ। ਜਿਹਦੇ ਵਿਚ ਮੈਂ ਸਮਕਾਲ ਦੇ ਪਰਵਾਸੀ ਹੋ ਰਹੇ ਪੰਜਾਬੀਆਂ ਦੀਆਂ ਅਤ੍ਰਿਪਤ ਖਾਹਿਸ਼ਾ, ਉਥੋਂ ਦੇ ਸਿਸਟਮ ਵਿਚ ਢਲਣ ਦੀ ਜੱਦੋਜ਼ਹਿਦ ਨੂੰ ਪੇਸ਼ ਕੀਤਾ ਏ।

ਤੁਸੀਂ ਮੇਰੀਆਂ ਕਹਾਣੀਆਂ ਰਾਹੀ ਮੇਰੇ ਸਮੇਂ ਨੂੰ ਸਮਝ ਸਕਦੇ ਹੋ। ਇਹ ਉਹ ਸਮਾਂ ਏ ਜਿਸ 'ਚ ਮੈਂ ਕੁਝ ਦਹਾਕੇ ਬਤੀਤ ਕੀਤੇ ਨੇ। ਮੇਰੇ ਇਰਦ-ਗਿਰਦ ਸਮਾਜਕ ਇਤਿਹਾਸਕਾਰੀ ਦੀਆਂ ਘਟਨਾਵਾਂ ਖ਼ਿਲਰੀਆਂ ਪਈਆਂ ਸਨ। ਕਥਾਕਾਰ ਉਨ੍ਹਾਂ ਘਟਨਾਵਾਂ ਨੂੰ ਹੀ ਕਹਾਣੀ ਦੀ ਸ਼ਕਲ 'ਚ ਢਾਲਦਾ ਏ, ਜਿਹੜੀਆਂ ਉਹਨੂੰ ਵਧੇਰੇ ਟੁੰਬਦੀਆਂ ਨੇ ਜੋ ਉਹਦੇ ਮਨ 'ਤੇ ਝਰੀਟਾਂ ਮਾਰਦੀਆਂ ਨੇ। ਮੇਰੇ ਮੋਹਰੇ ਅਜਿਹੇ ਸਮਾਜ ਦੇ ਖਿੱਲਰੇ ਟੁੱਕੜੇ ਪਏ ਸਨ, ਜਿਸ 'ਚ ਮਨੁੱਖ ਦੇ ਆਪਸੀ ਰਿਸ਼ਤੇ ਬੜੇ ਗੁੰਝਲਦਾਰ ਹਨ। ਇਨ੍ਹਾਂ ਨੂੰ ਮੈਂ ਆਪਣੀ ਸਮਝ ਨਾਲ ਆਤਮਸਾਤ ਕਰ ਰਿਹਾ ਸਾਂ। ਸਾਹਿਤ ਨਾਲ ਜੁੜ ਕੇ ਮੈਂ ਪੇਂਡੂ ਸਮਾਜ ਦੀਆਂ ਗੁੰਝਲਾਂ ਦੀ ਉਲਝੀ ਤਾਣੀ ਨੂੰ ਸਮਝਣ ਲੱਗ ਪਿਆ ਸਾਂ। ਮੈਂ ਮਹਿਸੂਸ ਕਰ ਰਿਹਾਂ ਸਾਂ ਕਿ ਉਪਰੋਂ ਸ਼ਾਂਤੀ ਨਾਲ ਤੁਰ ਫਿਰ ਰਿਹਾ ਸਮਾਜ ਅੰਦਰੋਂ ਆਪਣੀ ਹੋਂਦ ਤੇ ਪਛਾਣ ਲਈ ਬਹੁਤ ਹੀ ਤਰਲੋ-ਮੱਛੀ ਹੋ ਰਿਹਾ ਏ। ਮੇਰੇ ਆਲੇ-ਦੁਆਲੇ ਜੋ ਘਟਨਾਵਾਂ ਘਟਦੀਆਂ ਮੈਂ ਉਨ੍ਹਾਂ ਦਾ ਗਲਪੀ ਬਿੰਬ ਉਸਾਰਨ ਲੱਗ ਪਿਆ ਸਾਂ। ਆਪਣੇ ਨਾਨਕੇ ਪਰਿਵਾਰ ਦੇ ਵਡੇਰੇ ਲੋਕਾਂ ਦੇ, ਇਨ੍ਹਾਂ ਘਟਨਾਵਾਂ ਨੂੰ ਲੈ ਕੇ ਕੀਤੇ ਵਿਸ਼ਲੇਸ਼ਣ ਰਾਹੀ ਮੇਰਾ 'ਤੀਜਾ ਨੇਤਰ' ਖੁੱਲ੍ਹਣ ਲੱਗ ਪਿਆ ਸੀ ਤੇ ਮੈਂ ਦਲਿਤਾਂ ਦੇ ਜੀਵਨ ਯਥਾਰਥ ਨੂੰ ਹੋਰ ਡੂੰਘਾਈ ਨਾਲ ਪਰਖਣ ਲੱਗ ਪਿਆ ਸਾਂ। ਮੈਂ ਵੇਖਦਾ ਸਾਂ ਕਿ ਪੇਂਡੂ ਸਮਾਜਕ ਜੀਵਨ ਜਾਤਾਂ 'ਚ ਵੰਡਿਆ ਹੋਇਆ ਏ। ਜਾਤਾਂ ਨੂੰ ਲੈ ਕੇ ਹਰ ਮਨੁੱਖ ਦੇ ਮਨਾਂ 'ਚ ਬਹੁਤ ਪੀਡੀਆਂ ਗੰਢਾਂ ਬੱਝੀਆਂ ਹੋਈਆਂ ਨੇ। 'ਆਪਣੇ ਲੋਕਾਂ' ਦੇ ਮਨਾਂ ਅੰਦਰ ਪਿਘਲ ਰਹੇ ਲਾਵੇ ਨੂੰ ਮੈਂ ਬੜੀ ਸ਼ਿੱਦਤ ਨਾਲ ਮਹਿਸੂਸ ਕਰ ਰਿਹਾਂ ਸਾਂ। ਆਪਣੀਆਂ ਕਹਾਣੀਆਂ 'ਚ ਮੈਂ ਸੁਚੇਤ ਰੂਪ 'ਚ 'ਪਿੰਡ' ਦੀ ਸਮਾਜਕ ਇਤਿਹਾਸਕਾਰੀ ਕਰਨ ਲੱਗ ਪਿਆ ਸਾਂ। ਸਮਾਜਕ ਇਤਿਹਾਸਕਾਰੀ ਕਰਦਿਆ ਲੇਖਕ ਹਮੇਸ਼ਾਂ ਪੀੜਤ ਧਿਰ ਵੱਲ ਖੜਦਾ ਏ। ਮੇਰੇ ਅੱਗੇ ਪੀੜਤ ਧਿਰ ਦਲਿਤ ਤੇ ਔਰਤ ਰਹੀ ਏ। ਮੈਂ ਮਹਿਸੂਸ ਕਰ ਰਿਹਾਂ ਸਾਂ ਕਿ ਦਲਿਤ ਧਿਰਾਂ ਨੂੰ ਸਮਾਜਕ, ਆਰਥਿਕ, ਮਾਨਸਿਕ ਤੇ ਸਭਿਆਚਾਰਕ ਤੌਰ ਤੇ ਦਬਾਇਆ ਜਾ ਰਿਹਾ ਏ। ਮੈਂ ਉਨ੍ਹਾਂ ਦੇ ਦਾਬੇ ਨੂੰ ਸ਼ਬਦਾਂ ਰਾਹੀਂ ਜ਼ੁਬਾਨ ਦੇਣੀ ਚਾਹੁੰਦਾ ਸਾਂ।

ਆਪਣੀਆਂ ਮੁਢਲੀਆਂ ਕਹਾਣੀਆਂ 'ਚ ਦਲਿਤ ਜੀਵਨ ਯਥਾਰਥ ਨੂੰ ਮੈਂ ਨਾਟਕੀ ਸੰਵਾਦ ਸ਼ੈਲੀ ਨਾਲ ਪੇਸ਼ ਕੀਤਾ ਏ। 'ਆਪਣੇ ਲਹੂ ਦੀ ਚਿੰਤਾ', 'ਗੜ੍ਹੀ ਪਿੰਡ ਦੀ ਕਹਾਣੀ' ਅਤੇ 'ਫ਼ੈਸਲਾ' ਕਹਾਣੀਆਂ 'ਚ ਪਾਠਕ ਦਲਿਤਾਂ ਦੇ ਸਮਾਜਕ ਦਾਬੇ ਤੋਂ ਉਪਜੀ ਨਾਬਰੀ ਦੀ ਸੁਰ ਨੂੰ ਮਹਿਸੂਸ ਕਰ ਸਕਦੇ ਨੇ।

ਪੇਂਡੂ ਸਭਿਆਚਾਰ ਵਿਚ ਫੈਲੀ ਜਾਤੀ ਵੰਡ ਦੀ ਪੀੜਾ ਤੋਂ ਬਾਅਦ ਮੈਂ ਮਹਿਸੂਸ ਕੀਤਾ ਕਿ ਦਲਿਤ ਵੀ ਅੱਗੋਂ ਉਪ ਜਾਤਾਂ 'ਚ ਵੰਡੇ ਹੋਏ ਨੇ। ਉਨ੍ਹਾਂ ਦੇ ਆਪਸੀ ਸਮਾਜਕ ਟਕਰਾਓ ਬਹੁਤ ਗਹਿਰੇ ਨੇ। ਏਥੋਂ ਤੱਕ ਉਨ੍ਹਾਂ ਵਿਚ ਰੋਟੀ-ਬੇਟੀ ਦੀ ਸਾਂਝ ਵੀ ਨਹੀਂ। ਇਸ ਤੋਂ ਅੱਗੇ ਦਲਿਤ ਉਪ-ਜਾਤੀਆਂ ਵਿਚ ਅੱਗੋਂ ਜੋ ਕਾਸਟ ਕਨਵਰਸ਼ਨ ਹੋਈ ਏ, ਜੋ ਸਭਿਆਚਾਰਕ ਪਾੜਾ ਪਿਆ ਏ, ਇਨ੍ਹਾਂ ਮੁੱਦਿਆਂ ਨੂੰ ਲੈ ਕੇ ਦਲਿਤਾਂ 'ਚ ਬਹੁਤ ਸਮਾਜਕ ਦਬਾਅ ਵਧਿਆ ਏ। ਇਹ ਇਨਰ ਕੰਟਾਡੰਕਸ਼ਨ ਬਹੁਤ ਵੱਡੇ ਸਮਾਜਕ ਸੰਕਟ ਲੈ ਕੇ ਆਈ ਏ। ਉਪਰੰਤ ਮੈਂ ਇਨ੍ਹਾਂ ਬਦਲ ਰਹੇ ਸਮਾਜਕ ਯਥਾਰਥ ਨੂੰ ਵੀ ਸਮਝਣ ਲੱਗ ਪਿਆ ਸਾਂ। ਦਲਿਤਾਂ ਦੀ ਸਮਾਜਕ ਗਤੀ ਦਾ ਇਹ ਅਗਲਾ ਪੜਾ ਰਿਹਾ ਏ। ਸੋ ਏਸ ਸਮਾਜਕ ਗਤੀ ਨੂੰ ਮੈਂ 'ਆਦੀ ਡੰਕਾ', 'ਜੜ੍ਹਾਂ', 'ਰਹਿਮਤ ਮਸੀਹ ਮੱਟੂ ਦੀ ਜੀਵਨੀ', 'ਸੁੱਕੀਆਂ ਕੁੰਨਾਂ' ਤੇ 'ਕੁੰਭੀ ਨਰਕ' ਆਦਿ ਕਹਾਣੀਆਂ 'ਚ ਜ਼ੁਬਾਨ ਦਿੱਤੀ ਏ। ਪੰਜਾਬੀ ਕਹਾਣੀ ਵਿਚ ਇਹ ਦਲਿਤ ਜੀਵਨ ਯਥਾਰਥ ਦਾ ਅਛੂਤਾ ਤੇ ਨਵਾਂ ਪਸਾਰ ਏ।

ਮੈਂ ਆਪਣੇ ਸਮੇਂ ਦੀ ਸਾਹਿਤਕ ਪੱਤਰਕਾਰੀ ਨੂੰ ਵੇਖਣ ਤੇ ਸਮਝਣ ਦਾ ਯਤਨ ਕਰਦਾ ਹਾਂ। ਜਦੋਂ ਮੈਂ ਸੁਰਤ ਸੰਭਾਲੀ ਤੇ ਸਕੂਲ ਵਿਚ ਸਾਂ ਉਦੋਂ ਮੈਂ ਆਪਣੇ ਬਾਪ ਦੇ ਹੱਥ ਵਿਚ ਪਹਿਲੀ ਵਾਰ 'ਚਮਕੀਲੀ' ਮੈਗਜ਼ੀਨ ਵੇਖਿਆ ਸੀ। ਜਿਹਦੇ ਵਿਚ ਮਨੁੱਖੀ ਭਾਵਨਾਵਾਂ ਉਕਸਾਊ ਕਹਾਣੀਆਂ, ਗੀਤ ਤੇ ਲੇਖ ਛਪਦੇ ਸਨ। ਮੈਂ ਉਸ ਕਿਸਮ ਦੀ ਪੱਤਰਕਾਰੀ ਨੂੰ ਵੇਖਿਆ ਤੇ ਪੜ੍ਹਿਹਾ। ਫਿਰ ਜਦੋਂ ਕਾਲਜ ਗਿਆ ਤਾਂ ਮੇਰੇ ਮਾਮੇ ਨੇ ਮੈਨੂੰ ਪਹਿਲੀ ਵਾਰ ਇਕ ਰਸਾਲਾ 'ਆਰਸੀ' ਲਿਆ ਕੇ ਦਿੱਤਾ। ਮੈਂ ਉਸ ਨੂੰ ਪੜ੍ਹਿਹਾ ਅਤੇ ਕਿੰਨੀ ਦੇਰ ਉਸ ਨੂੰ ਸਾਂਭ ਕੇ ਰੱਖਿਆ। ਉਪਰੰਤ ਮੈਂ ਸਟਾਲ ਤੋਂ ਖਰੀਦ ਕੇ ਅੰਮ੍ਰਿਤਾ ਪ੍ਰੀਤਮ ਦਾ 'ਨਾਗਮਣੀ' ਪੜ੍ਹਨਾ ਸ਼ੁਰੂ ਕਰ ਦਿੱਤਾ। 'ਪ੍ਰੀਤ ਲੜੀ' ਪੜ੍ਹਨ ਲੱਗ ਪਿਆ। ਬਾਅਦ ਵਿਚ 'ਸਿਰਜਣਾ' ਅਤੇ 'ਲਕੀਰ' ਨਾਲ ਵਾਹ ਪਿਆ। ਜਦੋਂ ਮੈਂ ਆਪਣੇ ਸਮੇਂ ਦੀ ਸਾਹਿਤਕ ਪੱਤਰਕਾਰੀ ਵੱਲ ਵੇਖਿਆ ਤਾਂ ਮਹਿਸੂਸ ਕੀਤਾ ਕਿ ਉਸ ਵੇਲੇ ਸਾਹਿਤਕ ਪਰਚਿਆਂ ਦੇ ਸੰਪਾਦਕ ਵੱਡੇ ਕੱਦ ਦੇ ਹੁੰਦੇ ਸਨ। ਚਾਹੇ ਉਹ ਜੋਸ਼ਵਾ ਫ਼ਜ਼ਲਦੀਨ ਲਾਇਲਪੁਰ ਤੋਂ 'ਪੰਜਾਬੀ ਦਰਬਾਰ' ਸੰਪਾਦਤ ਕਰਦਾ ਸੀ। ਚਾਹੇ ਲਾਭ ਸਿੰਘ ਨਾਰੰਗ 'ਪ੍ਰੀਤਮ' ਸੰਪਾਦਤ ਕਰਦਾ ਸੀ। ਚਾਹੇ ਕਰਤਾਰ ਸਿੰਘ ਬਲੱਗਣ 'ਕਵਿਤਾ' ਸੰਪਾਦਤ ਕਰਦਾ ਸੀ। ਚਾਹੇ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਸੰਪਾਦਤ ਕਰਦਾ ਸੀ। ਚਾਹੇ ਉਹ ਨਾਨਕ ਸਿੰਘ 'ਕਹਾਣੀ' ਸੰਪਾਦਤ ਕਰਦਾ ਸੀ। ਚਾਹੇ ਹੀਰਾ ਸਿੰਘ ਦਰਦ 'ਫੁਲਵਾੜੀ' ਸੰਪਾਦਤ ਕਰਦਾ ਸੀ। ਚਾਹੇ ਮੋਹਨ ਸਿੰਘ 'ਪੰਜ ਦਰਿਆ' ਸੰਪਾਦਤ ਕਰਦਾ ਸੀ। ਚਾਹੇ ਉਹ ਅੰਮ੍ਰਿਤਾ ਪ੍ਰੀਤਮ 'ਨਾਗਮਣੀ' ਸੰਪਾਦਤ ਕਰਦੀ ਸੀ, ਚਾਹੇ ਪ੍ਰੇਮ ਪ੍ਰਕਾਸ਼ 'ਲਕੀਰ' ਸੰਪਾਦਤ ਕਰਦਾ ਸੀ। ਚਾਹੇ ਰਘਬੀਰ ਸਿੰਘ 'ਸਿਰਜਣਾ' ਸੰਪਾਦਤ ਕਰਦਾ ਸੀ। ਜਾਂ ਬਾਅਦ ਵਿਚ ਰਾਮ ਸਰੂਪ ਅਣਖੀ 'ਕਹਾਣੀ ਪੰਜਾਬ' ਸੰਪਾਦਤ ਕਰਦਾ ਸੀ। ਜਾਂ ਪ੍ਰਮਿੰਦਰਜੀਤ 'ਅੱਖਰ' ਸੰਪਾਦਤ ਕਰਦਾ ਸੀ। ਜਾਂ 'ਲੋਅ' ਛਪਦਾ ਸੀ। ਇਹ ਸਾਰੇ ਵੱਡੇ ਕੱਦ ਦੇ ਲੇਖਕ ਤੇ ਸੰਪਾਦਕ ਸਨ। ਸਾਹਿਤਕਾਰ ਇਨ੍ਹਾਂ ਪਰਚਿਆਂ ਨੂੰ ਰਚਨਾਵਾਂ ਬੜੇ ਮਾਣ ਨਾਲ ਭੇਜਦੇ ਸਨ। ਮੈਨੂੰ ਚੇਤੇ ਹੈ ਮੈਂ ਜਦੋਂ 'ਨਾਗਮਣੀ', 'ਆਰਸੀ', 'ਸਿਰਜਣਾ', 'ਪ੍ਰੀਤਲੜੀ' ਜਾਂ 'ਲਕੀਰ' ਆਣਾ ਹੁੰਦਾ ਸੀ ਮੈਂ ਬੱਸ ਸਟੈਂਡ 'ਤੇ ਚੱਕਰ ਮਾਰਨ ਲੱਗ ਪੈਂਦਾ ਸੀ। ਖਾਸ ਕਰਕੇ 'ਨਾਗਮਣੀ' ਖਰੀਦਣ ਲਈ ਮੈਂ ਉਚੇਚਾ ਜਾਂਦਾ ਸੀ। 'ਨਾਗਮਣੀ' ਦੀਆਂ ਫਾਇਲਾਂ ਮੈਂ ਹੁਣ ਵੀ ਬਇੰਡ ਕਰਵਾ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਪਰਚਿਆਂ ਦੇ ਸੰਪਾਦਕ ਮਾੜੀ ਰਚਨਾ ਰੱਦ ਕਰਕੇ ਲੇਖਕ ਨੂੰ ਵਾਪਸ ਵੀ ਭੇਜ ਦਿੰਦੇ ਸਨ। ਭਾਵ ਕਿ ਉਹ ਆਪਣੀ ਸੂਝ ਨਾਲ ਰਚਨਾਵਾਂ ਦੀ ਚੋਣ ਕਰਦੇ ਸਨ। ਜਦੋਂ ਮੈਂ ਕਹਾਣੀਆਂ ਲਿਖਣ ਲੱਗਾ ਤਾਂ ਇਨ੍ਹਾਂ ਪਰਚਿਆਂ ਨੂੰ ਕਹਾਣੀਆਂ ਭੇਜਣ ਲੱਗਾ ਤਾਂ ਮੇਰੀਆਂ ਕਹਾਣੀਆਂ

ਨਾਗਮਣੀ ਤੋਂ ਮੁੜ ਕੇ ਆਈਆਂ ਸਨ। ਪ੍ਰੇਮ ਪ੍ਰਕਾਸ਼ ਵੀ ਕਹਾਣੀ ਮੋੜ ਦਿੰਦਾ ਸੀ। ਜਾਂ ਬਾਬਾ ਕਹਿੰਦਾ ਸੀ, ਸੋਧ ਕਰਕੇ ਦੁਬਾਰਾ ਭੇਜ। ਮੈਂ 'ਸਿਰਜਣਾ' ਨੂੰ ਵੀ ਬਹੁਤ ਕਹਾਣੀਆਂ ਭੇਜੀਆਂ, ਜਿਹੜੀਆਂ ਵਾਪਸ ਮੁੜਦੀਆਂ ਰਹੀਆਂ। ਰਘਬੀਰ ਸਿੰਘ ਮੈਨੂੰ ਚਿੱਠੀ ਲਿਖਦੇ ਸਨ ਕਿ ਕਹਾਣੀ ਵਿਚ ਕੀ ਕੀ ਖਾਮੀਆਂ ਹਨ। ਉਹ ਚਿੱਠੀਆਂ ਮੇਰਾ ਹੁਣ ਵੀ ਰਾਹ ਦਸੇਰਾ ਬਣਦੀਆਂ ਹਨ। ਫਿਰ ਜਦੋਂ ਮੈਂ 'ਕਸੂਰਵਾਰ' ਕਹਾਣੀ ਭੇਜੀ ਤਾਂ ਉਨ੍ਹਾਂ ਛਪਣ ਲਈ ਰੱਖ ਲਈ। ਮੈਨੂੰ ਤਸੱਲੀ ਹੋਈ ਕਿ ਹੁਣ ਮੈਂ ਚੰਗੀ ਕਹਾਣੀ ਲਿਖ ਸਕਦਾ ਸਾਂ। ਉਦੋਂ ਪੰਜਾਬੀ ਸਾਹਿਤ ਵਿਚ ਇਹ ਗੱਲ ਇੱਟ ਵਰਗੀ ਪੱਕੀ ਸੀ ਕਿ ਜਿਹੜੇ ਕਥਾਕਾਰ ਦੀ 'ਸਿਰਜਣਾ' ਵਿਚ ਕਹਾਣੀ ਛਪ ਜਾਂਦੀ ਏ ਤਾਂ ਉਹਨੂੰ ਪੰਜਾਬੀ ਸਾਹਿਤ ਵਿਚ ਬਤੌਰ ਕਹਾਣੀਕਾਰ ਮੰਨਿਆ ਜਾਣ ਲੱਗ ਪੈਂਦਾ ਸੀ। ਉਸ ਵੇਲੇ 'ਸਿਰਜਣਾ' ਵਿਚ ਛਪਣ ਲਈ ਸਾਲ ਸਾਲ ਉਡੀਕ ਵੀ ਕਰਨੀ ਪੈਂਦੀ ਸੀ। ਤੇ 'ਸਿਰਜਣਾ' ਵਿਚ 'ਕਸੂਰਵਾਰ' ਛਪਣ ਨਾਲ ਮੈਨੂੰ ਕਹਾਣੀਕਾਰ ਮੰਨਿਆ ਜਾਣ ਲੱਗ ਪਿਆ ਸੀ। ਰਾਮ ਸਰੂਪ ਅਣਖੀ ਨੂੰ ਹਰ ਨਵੇਂ-ਪੁਰਾਣੇ ਕਹਾਣੀਕਾਰ ਬੜੇ ਮਾਣ ਨਾਲ ਕਹਾਣੀ ਭੇਜਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਮੈਨੂੰ ਹਰ ਮਹੀਨੇ ਤਕਰੀਬਨ ਪੰਦਰਾਂ ਤੋਂ ਵੀਹ ਕਹਾਣੀ ਪੁੱਜਦੀਆਂ ਹਨ। ਤਿੰਨ ਮਹੀਨੇ ਵਿਚ ਪੰਜਤਾਲੀ ਕਹਾਣੀ ਦੇ ਕਰੀਬ ਕਹਾਣੀਆਂ ਪਹੁੰਚ ਜਾਂਦੀਆਂ ਹਨ। ਪਰ ਮੈਂ ਉਨ੍ਹਾਂ ਵਿਚੋਂ ਛਾਂਟ ਕੇ ਚੰਗੀਆਂ ਪੰਜ ਸੱਤ ਕਹਾਣੀਆਂ ਹੀ ਛਾਪਦਾ ਸੀ। ਉਸੇ ਵੇਲੇ ਸੰਪਾਦਕ ਕੋਲ ਰਚਨਾਵਾਂ ਦੀ ਚੋਣ ਕਰਨ ਦਾ ਬਹੁਤ ਸਾਰੇ ਬਦਲ ਹੁੰਦੇ ਸਨ। ਉਸ ਤੋਂ ਬਾਅਦ ਜੋ ਸਾਹਿਤਕ ਮੈਗਜ਼ੀਨ ਛਪਣੇ ਸ਼ੁਰੂ ਹੋਏ ਜਿਨ੍ਹਾਂ ਵਿਚੋਂ ਸ਼ਬਦ, ਪ੍ਰਵਚਨ, ਹੁਣ, ਕਹਾਣੀ ਧਾਰਾ, ਚਿਰਾਗ, ਫਿਲਹਾਲ, ਸਮਕਾਲੀ ਸਾਹਿਤ, ਸਮਦਰਸ਼ੀ, ਕਾਲੀ ਵਾਲਾ 'ਲਕੀਰ', ਵਿਸ਼ਾਲ ਵਾਲਾ 'ਅੱਖਰ', ਰਾਗ, ਵਾਹਗਾ, ਏਕਮ ਅਤੇ ਕਲਾਕਾਰ ਆਦਿ ਪ੍ਰਮੁੱਖ ਨੇ। ਇਨ੍ਹਾਂ ਵਿਚੋਂ ਕਈ ਮੈਗਜ਼ੀਨ ਵੱਡੇ ਅਕਾਰ ਦੇ ਵੀ ਹਨ। ਜਿਨ੍ਹਾਂ ਦੀ ਛਪਾਈ ਤੇ ਪੇਪਰ ਬਹੁਤ ਵਧੀਆਂ ਹੁੰਦਾ ਏ। ਪਰਚੇ ਐਨੇ ਹੋ ਗਏ ਕਿ ਪਰਚਿਆਂ ਦੇ ਸੰਪਾਦਕਾਂ ਕੋਲ ਮੈਟਰ ਬਹੁਤ ਘੱਟ ਪਹੁੰਚਣ ਲੱਗ ਪਿਆ। ਸੰਪਾਦਕਾਂ ਕੋਲੋਂ ਜਿਸ ਕਿਸਮ ਦਾ ਮੈਟਰ ਪਹੁੰਚਦਾ ਉਹ ਛਾਪ ਦਿੰਦਾ। ਸੰਪਾਦਕ ਕੋਲ ਮਾੜਾ ਮੈਟਰ ਰੱਦ ਕਰਕੇ ਹੋਰ ਚੰਗਾ ਮੈਟਰ ਛਾਪਣ ਦਾ ਬਦਲ ਹੀ ਕਤਮ ਹੋ ਗਿਆ ਏ। ਉਸ ਕੋਲ ਮੈਟਰ ਦੀ ਚੋਣ ਕਰਨ ਦਾ ਕਨਸਪੈਟ ਹੀ ਉਡ ਗਿਆ। ਸੰਪਾਦਕ ਕਾਹਦੀ ਚੋਣ ਕਰੇਗਾ? ਜਿਹੜੀ ਕਹਾਣੀ-ਕਵਿਤਾ-ਲੇਖ ਆਉਂਦਾ ਉਹ ਫਟ ਅਗਲੇ ਅੰਕ ਵਿਚ ਛਾਪ ਦਿੰਦਾ। ਉਸ ਕੋਲ ਕੋਈ ਬਦਲ ਹੀ ਨਹੀਂ ਬਚਿਆ। ਮੰਨ ਲਓ ਜੇ ਕਰ 'ਸ਼ਬਦ' ਦੇ ਸੰਪਾਦਕ ਜਿੰਦਰ ਨੇ ਕੋਈ ਕਹਾਣੀ ਰੱਦ ਕਰ ਦਿੱਤੀ ਏ ਤਾਂ ਲੇਖਕ ਉਹ ਕਹਾਣੀ 'ਕਹਾਣੀ ਧਾਰਾ' ਨੂੰ ਮੇਲ ਕਰ ਦਿੰਦਾ ਏ। ਮੈਂ ਉਹ ਛਾਪ ਦਿੰਦਾ ਹਾਂ। ਜਾਂ 'ਕਹਾਣੀ ਧਾਰਾ' ਨੇ ਜੋ ਰਚਨਾ ਰੱਦ ਕਰ ਦਿੱਤੀ ਉਹ ਕਿਸੇ ਦੂਜੇ ਪਰਚੇ ਨੇ ਛਾਪ ਦਿੱਤੀ। ਸੰਪਾਦਕਾਂ ਕੋਲੋਂ ਮੈਟਰ ਨੂੰ ਰੱਦ ਕਰਕੇ ਚੰਗੇ ਮੈਟਰ ਦੀ ਚੋਣ ਦਾ ਬਦਲ ਹੀ ਖਤਮ ਹੋ ਗਿਆ ਏ। ਪਰਚੇ ਵੱਧ ਗਏ ਚੰਗਾ ਲਿਖਣ ਵਾਲੇ ਘਟ ਗਏ। ਚੰਗੇ ਮੈਟਰ ਦੀ ਘਾਟ ਕਾਰਨ ਫ਼ਿਲਹਾਲ, ਵਾਹਗਾ ਅਤੇ ਹੋਰ ਪਰਚਿਆਂ ਵਾਲਿਆਂ ਨੇ ਵਧੇਰੇ ਮੈਟਰ ਅਨੁਵਾਦ ਕਰਕੇ ਛਾਪਣਾ ਸ਼ੁਰੂ ਕਰ ਦਿੱਤਾ ਏ। ਪਹਿਲਾਂ ਛਪਿਆ ਮੈਟਰ ਏਧਰੋਂ ਉਧਰੋਂ ਚੁੱਕ ਕੇ ਪਰਚਿਆਂ 'ਚ ਛਾਪਣਾ ਸ਼ੁਰੂ ਕਰ ਦਿੱਤਾ ਏ। ਅੱਜ ਸਾਹਿਤਕ ਪਰਚਿਆਂ ਦੇ ਸੰਪਾਦਕਾਂ ਨੂੰ ਚੰਗੇ ਮੈਟਰ ਦਾ ਬਹੁਤ ਵੱਡਾ ਸੰਕਟ ਏ। ਏਥੋਂ ਤੱਕ ਜਦੋਂ 'ਸਿਰਜਣਾ' ਵਰਗੇ ਮੈਗਜ਼ੀਨ ਨੂੰ ਚੰਗੇ ਕਹਾਣੀ ਨਹੀਂ ਪਹੁੰਚਦੀ ਤਾਂ ਜਿਹੜੀ ਕਹਾਣੀ ਪਹੁੰਚੀ ਹੁੰਦੀ ਏ ਉਹੀ ਛਾਪਣ ਲਈ ਮਜ਼ਬੂਰ ਹੋਣਾ ਪੈ ਰਿਹਾ ਏ। ਇਕ ਸਮਾਂ ਸੀ ਪ੍ਰੇਮ ਪ੍ਰਕਾਸ਼ ਵੱਡੇ ਵੱਡੇ ਕਹਾਣੀਕਾਰਾਂ ਦੀਆਂ ਕਹਾਣੀਆਂ ਵਾਪਸ ਕਰ ਦਿੰਦਾ ਸੀ। ਕਹਾਣੀਕਾਰਾਂ ਨੂੰ ਏਸ ਗੱਲ ਦਾ ਦੁੱਖ ਵੀ ਹੁੰਦਾ ਸੀ। ਇਕ ਵਾਰ ਉਸ ਨੇ ਮੋਹਨ ਭੰਡਾਰੀ ਦੀ ਕਹਾਣੀ ਵਾਪਸ ਕਰ ਦਿੱਤੀ ਸੀ। ਪਰ ਹੁਣ ਸਮਾਂ ਬਦਲ ਗਿਆ ਏ। ਹਰ ਕਥਾਕਾਰ ਦੀ ਚੰਗੀ-ਮਾੜੀ, ਕੱਚੀ-ਪਿੱਲੀ ਰਚਨਾ ਛਪ ਜਾਂਦੀ ਏ। ਜੇ ਇਕ ਪਰਚਾ ਨਹੀਂ ਛਾਪਦਾ, ਦੂਜਾ ਛਾਪ ਦਿੰਦਾ ਏ। ਇਸ ਨਾਲ ਮਾੜਾ ਸਾਹਿਤ ਪਾਠਕਾਂ ਤੱਕ ਪਹੁੰਚਣ ਸ਼ੁਰੂ ਹੋ ਗਿਆ ਏ। ਦੂਜਾ ਆਪਣੇ ਸਮੇਂ ਵਿਚ ਮੈਂ ਇਹ ਵੀ ਵੇਖਿਆ ਕਿ ਵੱਡੇ ਕੱਦ ਦੇ ਸੰਪਾਦਕ ਨਹੀਂ ਰਹੇ। ਮੈਂ ਦੂਜਿਆਂ ਸੰਪਾਦਕਾਂ ਦੀ ਕੀ ਗੱਲ ਕਰਨੀ ਏ?, ਆਪਣੀ ਹੀ ਕਰ ਲੈਂਦਾ ਹਾਂ। ਮੈਂ ਦੂਜਿਆਂ ਦੇ ਮੂੰਹੋਂ ਸੁਣਿਆ ਕਿ ਫਲਾਣਾ ਲੇਖਕ ਕਹਿੰਦਾ ਏ 'ਮੈਂ ਰਸੂਲਪੁਰੀ ਦੇ ਪਰਚੇ 'ਕਹਾਣੀ ਧਾਰਾ' ਲਈ ਕਹਾਣੀ ਨਹੀਂ ਭੇਜ ਸਕਦਾ... ਯਾਰ! ਕੱਲ ਦਾ ਛੋਕਰਾ ਮੇਰੀ ਕਹਾਣੀ ਸੰਪਾਦਤ ਕਰੇਗਾ ... ਹੁਣ ਉਹ ਮੇਰੀ ਕਹਾਣੀ ਦੀ ਚੋਣ ਕਰੇਗਾ ਜਾਂ ਰੱਦ ਕਰੇਗਾ... ਜਾਂ ਵੱਡੇ ਕੱਦ ਦੇ ਯੂਨੀਵਰਸਿਟੀਆਂ ਦੇ ਆਲੋਚਨ ਇਸ ਕਰਕੇ ਲੇਖ ਨਹੀਂ ਲਿਖਦੇ ... ਕਹਿੰਦੇ ਨੇ... ਯਾਰ ਹੱਦ ਹੋ ਗਈ... ਹੁਣ ਰਸੂਲਪੁਰੀ ਦੇ ਕਹਿਣ ਤੇ ਮੈਂ ਫਲਾਣੀ ਕਿਤਾਬ 'ਤੇ ਲੇਖ ਲਿਖਾਗਾ... ਬਿਲਕੁਲ ਨਹੀਂ... ਕੀ ਹੁਣ 'ਕਹਾਣੀ ਧਾਰਾ' ਦਾ ਸੰਪਾਦਕ ਡੀਸਾਇਡ ਕਰੇਗਾ ਕਿ ਕਿਸ ਤਰ੍ਹਾਂ ਦਾ ਲੇਖ ਲਿਖਵਾਣਾ ਏ? ਕਿਹੜਾ ਨਹੀਂ। ਇਹੋ ਜਿਹੀ ਭਾਵਨਾ ਨਵੇਂ ਲੇਖਕਾਂ ਵਿਚ ਵੀ ਵੱਧਣ ਲੱਗ ਪਈ ਏ। 'ਯੁਵਾ ਇਨਾਮ ਪ੍ਰਾਪਤ' ਲੇਖਕਾਂ ਵਿਚ ਇਹ ਵਾਇਰਸ ਬਹੁਤ ਵੱਧਣ ਲੱਗ ਪਿਆ ਏ। ਜਿਹੜੀ ਬਹੁਤ ਖਤਰਨਾਕ ਏ। ਇਹੋ ਜਿਹੀ ਭਾਵਨਾ ਹੋਰ ਸੰਪਾਦਕਾਂ ਨਾਲ ਵੀ ਹੁੰਦੀ ਏ। ਮੈਂ ਆਪਣੇ ਸਮੇਂ ਵਿਚ ਇਹ ਵੀ ਮਹਿਸੂਸ ਕੀਤਾ ਏ ਕਈ ਕਥਾਕਾਰ ਮੇਰੇ ਵਾਰ ਵਾਰ ਕਹਿਣ ਤੇ 'ਕਹਾਣੀ ਧਾਰਾ' ਨੂੰ ਕਹਾਣੀ ਨਹੀਂ ਭੇਜਦੇ... ਨਾ ਕੋਈ ਲੇਖ ਲਿਖਦੇ ਨੇ। ਪਰ ਜਦੋਂ ਓਸੇ ਕਥਾਕਾਰ ਦੀ ਕਿਤਾਬ ਆਉਂਦੀ ਹੈ ਤਾਂ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਏ ਕਿ 'ਕਹਾਣੀ ਧਾਰਾ' ਵਿਚ ਕਹਾਣੀ ਦੀ ਕਿਤਾਬ 'ਤੇ ਦਸ ਪੰਦਰਾਂ ਪੰਨਿਆ ਦਾ ਲੰਮਾ ਲੇਖ ਜ਼ਰੂਰ ਲੱਗੇ। ਕਈ ਤਾਂ ਆਪ ਲਿਖਵਾ ਕੇ ਵੀ ਭੇਜ ਦਿੰਦੇ ਹਨ। ਹੁਣ ਵੱਡੇ ਕੱਦ ਦੇ ਸੰਪਾਦਕ ਵੀ ਨਹੀਂ ਰਹੇ। ਜਿਸ ਦੀ ਸੰਪਾਦਨਾ ਹੇਠ ਛਪਣ ਲਈ ਲੇਖਕ ਮਾਣ ਮਹਿਸੂਸ ਕਰਨ। ਸਾਹਿਤਕ ਪੱਤਰਕਾਰੀ ਵਿਚ ਵਿਦੇਸ਼ੀ ਪੂੰਜੀ ਆਉਣ ਨਾਲ ਖੂਬਸੂਰਤ ਦਿੱਖ ਵਾਲੇ ਪਰਚੇ ਛਪਣ ਜ਼ਰੂਰ ਲੱਗ ਪਏ ਹਨ। ਪਰ ਚੰਗੇ ਮੈਟਰ ਦੀ ਘਾਟ ਰੜਕਣ ਲੱਗ ਪਈ ਏ। ਮੈਟਰ ਬਹੁਤ ਪਹੁੰਚਣ ਲੱਗ ਪਿਆ ਏ ਪਰ ਉਸ ਪਹੁੰਚੇ ਮੈਟਰ ਵਿਚ ਚੰਗੇ ਮੈਟਰ ਦੀ ਚੋਣ ਕਰਨ ਦਾ ਅਲਟ੍ਰਨੇਟਿਵ ਸੰਪਾਦਕ ਕੋਲ ਨਹੀਂ ਰਿਹਾ। ਮੈਂ ਪਿਛਲੇ ਸਤਾਰਾਂ ਸਾਲਾਂ ਤੋਂ 'ਕਹਾਣੀ ਧਾਰਾ' ਸੰਪਾਦਤ ਕਰਦਾ ਆ ਰਿਹਾ ਹਾਂ। ਮੈਨੂੰ ਵੀ ਚੰਗੇ ਮੈਟਰ ਦੀ ਸਮੱਸਿਆ ਆਉਂਦੀ ਏ। ਕਈ ਵਾਰ ਮੈਂ ਵੀ ਹਲਕੀਆਂ ਕਹਾਣੀਆਂ ਛਾਪ ਦਿੰਦਾ ਹਾਂ। ਕਿਉਂਕਿ ਮੇਰੇ ਕੋਲ ਵੀ ਕੋਈ ਬਦਲ ਨਹੀਂ ਬਚਦਾ ਬਈ ਮੈਂ ਆਹ ਕਹਾਣੀ ਰੱਦ ਕਰਕੇ ਦੂਜੀ ਚੰਗੀ ਕਹਾਣੀ ਛਾਪ ਦਿਆਂ। ਇਹ ਸਮੱਸਿਆ ਜਿੰਦਰ ਨੂੰ ਵੀ ਆਉਂਦੀ ਹੋਵੇਗੀ, ਰਾਗ ਦੀ ਸੰਪਾਦਕੀ ਟੀਮ ਨੂੰ ਵੀ ਆਉਂਦੀ ਹੋਵੇਗੀ, 'ਸਿਰਜਣਾ' ਨੂੰ ਆਉਂਦੀ ਹੋਵੇਗੀ, ਕਾਲੀ ਨੂੰ ਵੀ ਆਉਂਦੀ ਹੋਵੇਗੀ। 'ਫ਼ਿਲਹਾਲ' ਵਾਲੇ

ਗੁਰਬਚਨ ਨੂੰ ਤਾਂ ਆਉਂਦੀ ਹੀ ਹੈ ਤਾਂ ਹੀ ਉਹ ਮੋਟੇ ਪਰਚੇ ਦਾ ਢਿੱਡ ਭਰਨ ਲਈ ਅਨੁਵਾਦ ਅਤੇ ਪਹਿਲਾਂ ਛਪੀਆਂ ਕਹਾਣੀਆਂ -ਲੇਖਾਂ ਨਾਲ ਪਰਚੇ ਦਾ ਢਿੱਡ ਭਰਨ ਨੂੰ ਤਰਜ਼ੀਹ ਦਿੰਦਾ ਏ।

ਆਪਣੇ ਸਮੇਂ ਦੀ ਗੱਲ ਕਰਦਿਆਂ ਮੇਰਾ ਉਦੇਸ਼ ਆਪਣੀਆਂ ਕਹਾਣੀਆਂ ਰਾਹੀਂ ਦੁਆਬੇ ਦੇ ਦਲਿਤਾਂ ਦੀ ਪਿਛਲੀ ਇਕ ਸਦੀ ਦੀ ਸਮਾਜਕ ਇਤਿਹਾਸਕਾਰੀ ਕਰਦਿਆਂ ਸਮਾਜਕ ਗਤੀ ਨੂੰ ਸਮਝਾਉਣਾ ਵੀ ਸੀ। ਦੁਆਬੇ ਦੇ ਦਲਿਤ, ਮਾਝੇ ਤੇ ਮਾਲਵੇ ਦੇ ਦਲਿਤਾਂ ਤੋਂ ਬਿਲਕੁੱਲ ਵੱਖਰੇ ਸਮਾਜਕ ਵਿਹਾਰ ਵਾਲੇ ਨੇ। ਇਹ ਖੇਤਾਂ 'ਚ ਕੰਮ ਕਰਨ ਵਾਲੇ ਬੰਧੂਆਂ ਮਜ਼ਦੂਰ ਨਹੀਂ, ਕਿੱਤੇ ਦੀ ਪੱਧਰ 'ਤੇ ਇਹ ਸੁਤੰਤਰ ਨੇ। ਇਹ ਨਿਮਾਣੇ-ਨਿਤਾਣੇ ਤੇ ਦੱਬੂ ਬਿਰਤੀ ਵਾਲੇ ਵੀ ਨਹੀਂ। ਇਹਦੇ ਪਿੱਛੇ ਵੀ ਇਕ ਸਮਾਜਕ ਇਤਿਹਾਸ ਪਿਆ ਏ। ਮੈਂ ਇਸ ਇਤਿਹਾਸ ਨੂੰ ਮਹਿਸੂਸ ਕਰਕੇ ਹਾਸ਼ੀਆਗਤ ਧਿਰਾਂ ਦੀ ਨਵੀਂ ਦਰਜ਼ੇਬੰਦੀ ਨੂੰ ਵੀ ਸਮਝਿਆ ਏ। ਆਪਣੇ ਆਲੇ ਦੁਆਲੇ ਉਸਰਦੇ ਸਮਾਜਕ ਸੰਵਾਦ ਰਾਹੀ ਦਲਿਤਾਂ ਮੁਕਤੀ ਦੇ ਮਾਡਲ ਨੂੰ ਕਹਾਣੀਆਂ ਰਾਹੀਂ ਸਮਝਣ ਦਾ ਯਤਨ ਵੀ ਕੀਤਾ ਏ।

ਮੇਰੀਆਂ ਕਹਾਣੀਆਂ ਵਿਚ ਮੈਂ ਹਾਂ, ਮੇਰਾ ਸਮਾਂ ਏ ਅਤੇ 'ਮੇਰੇ ਸਮਾਜ' ਦੀ ਸਮਾਜਕ ਗਤੀ ਏ। ਸਮਾਜਕ ਇਤਿਹਾਸਕਾਰੀ ਏ। ਦਲਿਤ ਜੀਵਨ ਯਥਾਰਥ ਦੀਆਂ ਇਹ ਕਹਾਣੀਆਂ ਪੰਜਾਬ ਦੇ ਉਨ੍ਹਾਂ ਪੀੜਤ ਦਲਿਤ ਲੋਕਾਂ ਦੀ ਪ੍ਰਤੀਨਿੱਧਤਾ ਕਰਦੀਆਂ ਨੇ, ਜੋ ਸਮਾਜਿਕ ਤੌਰ ਤੇ ਹਾਸ਼ੀਏ 'ਤੇ ਧੱਕ ਦਿੱਤੇ ਗਏ ਨੇ।